ਜਸਵੰਤ ਜ਼ਫ਼ਰ

# ਇੱਕ ਕਟੋਰਾ ਚਾਨਣੀ



# ਇੱਕ ਕਟੋਰਾ ਚਾਨਣੀ

**ਇਸੇ ਕਲਮ ਤੋਂ-**

| | |
|---|---|
| * ਦੋ ਸਾਹਾਂ ਵਿਚਕਾਰ | (ਕਵਿਤਾ) |
| * ਅਸੀਂ ਨਾਨਕ ਦੇ ਕੀ ਲਗਦੇ ਹਾਂ | (ਕਵਿਤਾ) |
| * ਇਹ ਬੰਦਾ ਕੀ ਹੁੰਦਾ | (ਕਵਿਤਾ) |
| * ਭਗਤੁ ਸਤਿਗੁਰੂ ਹਮਾਰਾ | (ਵਾਰਤਕ) |
| * ਮੈਨੂੰ ਇਉਂ ਲੱਗਿਆ | (ਵਾਰਤਕ) |
| * ਨਾਨਕ ਏਵੈ ਜਾਣੀਐ | (ਵਾਰਤਕ) |
| * ਸਿਖੁ ਸੁ ਖੋਜਿ ਲਹੈ | (ਵਾਰਤਕ) |
| * ਬੁੱਢਾ ਦਰਿਆ | (ਨਾਟਕ) |
| * ਚਮੇਲੀ ਦੇ ਫੁੱਲ | (ਵਾਰਤਕ) |
| * ਪਿਆਰੇ ਆਓ ਘਰੇ | (ਕਵਿਤਾ) |
| * ਮੈਨੂੰ ਬੁੱਧੂ ਹੋਣਾ ਚਾਹੀਦਾ | (ਕਵਿਤਾ) |
| * जीती जागती बात | (ਚੋਣਵੀਆਂ ਕਵਿਤਾਵਾਂ ਦਾ ਹਿੰਦੀ ਅਨੁਵਾਦ) |
| * ਲਫ਼ਜ਼ਾਂ ਦਾ ਪਰਲਾ ਪੱਤਣ (The Other Shore of Words) | (ਚੋਣਵੀਆਂ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ) |

# ਇੱਕ ਕਟੋਰਾ ਚਾਨਣੀ

(ਕਵਿਤਾਵਾਂ)

**ਜਸਵੰਤ ਜ਼ਫ਼ਰ**

**ਚੇਤਨਾ ਪ੍ਰਕਾਸ਼ਨ**

ਪੰਜਾਬੀ ਭਵਨ, ਲੁਧਿਆਣਾ

*Ik Katora Chanani*

Lyrical poetry by

**Jaswant Zafar** ©
28, Basant Vihar, Jawaddi
Ludhiana-141013
M. : 80540-04977
E-mail : jaszafar@yahoo.com

**ISBN : 978-93-6831-060-0**
**Rs. 199/-**
**First Edition : 2025**

*Printed and Bound In India*

Published by
A Group of

**Chetna Parkashan**

Punjabi Bhawan, Ludhiana-141001 (Pb.) INDIA
Qila Road Kotkapura
Ph. 0161-2413613, 2404928, (M) 98152-98459
(M) 98762-07774, 95011-45039

**Gulati Publishers Ltd**

# 111, 8312-128 Street Surrey B.C. - V3W4G2
CANADA. (M.)+1 604-750-0189

**Chetna Parkashan LLC**

(M.) 1-559-680-8092 (USA)
Website: www.chetnaparkashan.com
E-mail: chetnaparkashan@gmail.com, gulatipublishersltd@gmail.com
satishgulati1962@gmail.com, chetnaparkashanllc@gmail.com
Printer: Printwell, Amritsar

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

**Follow us on : Instagram / Chetna_Parkashan**

**ਸਮਰਪਿਤ**

ਗਾਵਣਹਾਰੇ

ਡਾ. ਮਦਨਗੋਪਾਲ ਸਿੰਘ

ਨੂੰ

# ਤਤਕਰਾ


| | | |
|---|---|---|
| ਦੋ ਸ਼ਬਦ | ........................ | 9 |
| ਰਾਵੀ ਦਾ ਗੀਤ | ........................ | 11 |
| ਅੰਬਰ ਗੀਤ | ........................ | 12 |
| ਅਸਲ ਯਾਤਰੀ | ........................ | 14 |
| ਆਪਣਾ ਪੰਜਾਬ | ........................ | 16 |
| ਸਖੀਏ | ........................ | 18 |
| ਇਸ਼ਕ | ........................ | 20 |
| ਸ਼ਿੰਗਾਰ | ........................ | 22 |
| ਇਕ 'ਚ ਅਨੇਕ | ........................ | 24 |
| ਨਦੀਏ ਨੀਂ | ........................ | 26 |
| ਮਿਲਾਪ | ........................ | 28 |
| ਦਾਤ | ........................ | 30 |
| ਉਡੀਕ | ........................ | 32 |
| ਅਰਦਾਸ | ........................ | 34 |
| ਖ਼ੁਸ਼ਖ਼ਬਰੀ | ........................ | 35 |
| ਪਿਆਰ ਦਾ ਸੰਸਾਰ | ........................ | 36 |
| ਰਾਂਝਾ | ........................ | 37 |

ਤੂੰ ਹੋਵੇਂ ........................ 38
ਵੇ ਰਾਂਝਣਾਂ ........................ 40
ਸਾਜ਼ ਤੇ ਆਵਾਜ਼ ........................ 41
ਦੋਹੇ ........................ 42
ਟੱਪੇ ........................ 44
ਮੁੜ ਮੁੜ ਕੇ ........................ 46
ਪੈਰਾਂ ਹੇਠਾਂ ਧਰਤੀ ਡੋਲੀ ........................ 48
ਤੁਹਾਨੂੰ ਪਿਆਰ ਕਰਦਾ ਹਾਂ ........................ 49
ਥੋੜ੍ਹੇ ਪਲ ........................ 50
ਮਹਾਂਪੁਰਸ਼ ਤੇ ਕਲਯੁਗ ਪ੍ਰਾਣੀ ........................ 51
ਜ਼ਹਿਰ ਦੇ ਵਣਜਾਰੇ ........................ 52
ਤਿਜ਼ਾਬੀ ਵਰਖਾ ........................ 53
ਵਕਤ-ਕਚਹਿਰੀ ਫ਼ੈਸਲਾ ........................ 54
ਸਹਿਮ ਸਮੁੰਦਰ ........................ 55
ਤੁਰਦਾ ਮੇਰੇ ਨਾਲ ਜੇ ........................ 56
ਅਪਣੀ ਸ਼ਾਇਰੀ ਲਾਗੇ ........................ 57
ਪਹਿਲਾਂ ਆਪ ਜ਼ਮਾਨਾ ........................ 58
ਆਖਣ ਨੂੰ ਉਹ ਚੰਦ ਨਹੀਂ ........................ 59
ਸਿਆਣੇ ਬੰਦੇ ........................ 60

| | | |
|---|---|---|
| ਵਿਹਾਰ | ........................ | 61 |
| ਸੱਤ-ਬਿਗਾਨਿਆਂ ਨੂੰ | ........................ | 62 |
| ਧਰਤੀ ਅੰਬਰ | ........................ | 63 |
| ਚਾਨਣ ਦੇ ਸ਼ੀਸ਼ੇ ਵਿਚ | ........................ | 64 |
| ਜ਼ਿਕਰ ਸਾਡਾ | ........................ | 66 |
| ਅੰਮੜੀ ਬਾਬਲ | ........................ | 67 |
| ਅਰਘ | ........................ | 68 |
| ਪਾਕਿਸਤਾਨੀ ਪੰਜਾਬੀਆਂ ਦੇ ਨਾਂ | ........................ | 70 |
| ਠੱਗੀ-ਠੋਰੀ | ........................ | 72 |
| ਪ੍ਰੀਤ | ........................ | 73 |
| ਬੋਲੀਆਂ | ........................ | 74 |
| ਇੱਕ ਉਦਾਸ ਕੁੜੀ ਦੇ ਨਾਂ | ........................ | 76 |

# ਦੋ ਸ਼ਬਦ

- ਸ਼ੁਰੂ ਸ਼ੁਰੂ ਵਿੱਚ ਮੈਂ ਪ੍ਰਗੀਤਕ ਰਚਨਾਵਾਂ ਜ਼ਿਆਦਾ ਲਿਖੀਆਂ। ਉਹ ਪਿਛਲੀ ਸਦੀ ਦਾ ਨੌਵਾਂ ਦਹਾਕਾ ਹੋਣ ਕਰ ਕੇ ਬਹੁਤੀ ਰਚਨਾ ਮਾਹੌਲ ਪ੍ਰਤੀ ਪ੍ਰਤੀਕਰਮ ਵਰਗੀ ਸੀ।
- ਪੰਜਾਬੀ ਮਨ ਦੀ ਸੰਰਚਨਾ ਵਿੱਚ ਗੀਤਾਂ ਦਾ ਬੜਾ ਯੋਗਦਾਨ ਚਲਿਆ ਆ ਰਿਹਾ ਹੈ। ਸਾਡਾ ਜੰਮਣਾ, ਮੰਗਣਾ, ਵਿਆਹੁਣਾ, ਮਰਨਾ-ਪਰਨਾ ਗੀਤਾਂ ਦੇ ਅੰਗ-ਸੰਗ ਹੁੰਦਾ ਹੈ। ਕੰਮ ਧੰਦੇ ਗੀਤ ਗਾਉਂਦਿਆਂ ਨਿਪਟਾਏ ਜਾਂਦੇ ਸਨ। ਗੌਣ ਸਾਡੇ ਅਵਚੇਤਨ ਦਾ ਹਿੱਸਾ ਹੈ।
- ਬਚਪਨ ਵਿੱਚ ਪਿਤਾ ਜੀ ਦੇ ਮੂੰਹੋਂ ਸੁਣਿਆ ਸੀ ਕਿ ਜੋ ਕਵਿਤਾ ਲਿਖਣ ਵਿੱਚ ਰੁਚੀ ਹੋਵੇ ਤਾਂ ਪਿੰਗਲ ਪੜ੍ਹਨ/ਸਿੱਖਣ ਦੇ ਚੱਕਰ ਵਿੱਚ ਨਹੀਂ ਪੈਣਾ ਚਾਹੀਦਾ।
- ਮੈਂ ਆਪਣੇ ਬਚਪਨ ਵਿੱਚ ਰਾਗੀਆਂ, ਢਾਡੀਆਂ, ਕਵੀਸ਼ਰਾਂ ਦੇ ਬੜੇ ਦੀਵਾਨ ਸੁਣੇ ਹਨ। ਤੂੰਬਿਆਂ, ਅਲਗੋਜ਼ਿਆਂ ਵਾਲਿਆਂ ਦੇ ਅਖਾੜਿਆਂ ਦਾ ਵੀ ਖ਼ੂਬ ਆਨੰਦ ਮਾਣਿਆ ਹੈ।
- ਮੇਰੀ ਪਹਿਲੀ ਕਿਤਾਬ 'ਦੋ ਸਾਹਾਂ ਵਿਚਕਾਰ' ਦੀ ਸੁਧਾਈ ਕਰਦਿਆਂ ਡਾ. ਸੁਰਜੀਤ ਪਾਤਰ ਦੀ ਟਿੱਪਣੀ ਸੀ, "ਲੱਗਦਾ ਨਹੀਂ ਕਿ ਤੈਨੂੰ ਪਿੰਗਲ ਅਰੂਜ਼ ਦੀ ਜਾਣਕਾਰੀ ਨਹੀਂ ਹੈ।" ਉਹਨਾਂ ਇਹ ਨਿਸ਼ਾਨਦੇਹੀ ਕਰ ਕੇ ਦੱਸੀ ਕਿ ਇਸ ਵਿਚਲੀਆਂ ਕਈ ਗ਼ਜ਼ਲਾਂ ਪੰਜਾਬੀ ਦੇ ਬੈਂਤ, ਕਲੀ ਆਦਿ ਰਵਾਇਤੀ ਛੰਦਾਂ ਵਿੱਚ ਹਨ। ਮੈਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ।
- ਦੂਸਰੀ ਕਿਤਾਬ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਤੀਸਰੀ ਕਿਤਾਬ 'ਇਹ ਬੰਦਾ ਕੀ ਹੁੰਦਾ' ਅਤੇ ਚੌਥੀ ਕਿਤਾਬ 'ਪਿਆਰੇ ਆਓ ਘਰੇ' ਵਿੱਚ

ਵੀ ਪ੍ਰਗੀਤਕ ਰਚਨਾਵਾਂ ਦੀ ਹਾਜ਼ਰੀ ਤਾਂ ਹੈ ਪ੍ਰੰਤੂ ਉਹਨਾਂ ਦਾ ਅਨੁਪਾਤ ਲਗਾਤਾਰ ਘਟਦਾ ਰਿਹਾ। ਇਸ ਦਾ ਪਹਿਲਾ ਕਾਰਨ ਤਾਂ ਇਹ ਕਿ ਆਪਣੇ ਕੰਮ-ਕਾਰ ਕਾਰਨ ਛੰਦਾ-ਵਿਧਾਨ ਜਾਂ ਪਿੰਗਲ-ਆਰੂਜ਼ ਦੀ ਤਕਨੀਕੀ ਸਿਖਲਾਈ ਲੈਣ ਦੀ ਨਾ ਬਹੁਤੀ ਰੁਚੀ ਰਹੀ ਅਤੇ ਨਾ ਹੀ ਸਮਾਂ।

- ਦੂਸਰਾ, ਮੇਰੀ ਦੂਸਰੀ ਕਿਤਾਬ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਛਪਣ ਮਗਰੋਂ ਪਾਠਕਾਂ ਨੇ ਮੇਰੀਆਂ ਗੱਲਾਂ-ਬਾਤਾਂ ਵਰਗੀਆਂ ਕਵਿਤਾਵਾਂ ਨੂੰ ਵੀ ਭਰਵਾਂ ਹੁੰਘਾਰਾ ਦਿੱਤਾ। ਜਿਸ ਕੰਮ ਵਿੱਚ ਬੰਦੇ ਨੂੰ ਬਣਦੀ ਸਰਦੀ ਹੱਲਾਸ਼ੇਰੀ ਮਿਲ ਜਾਵੇ ਉਸ ਵਿੱਚ ਵਧੇਰੇ ਰੁਚੀ ਹੋ ਜਾਣਾ ਸੁਭਾਵਕ ਹੈ।
- ਕਵਿਤਾ ਦੀ ਪੰਜਵੀਂ ਕਿਤਾਬ 'ਮੈਨੂੰ ਬੁੱਧੂ ਹੋਣਾ ਚਾਹੀਦਾ' ਦੀ ਐਨ ਛਪਾਈ ਮੌਕੇ ਇਸ ਵਿੱਚ ਛਪਣ ਵਾਲੀਆਂ ਗ਼ਜ਼ਲਾਂ, ਗੀਤਾਂ, ਦੋਹਿਆਂ, ਬੋਲੀਆਂ, ਟੱਪਿਆਂ ਨੂੰ ਵੱਖਰੇ ਕਰ ਦਿੱਤਾ। ਭਾਵ ਇਹ ਕਿਤਾਬ ਸਿਰਫ਼ ਅਜ਼ਾਦ ਨਜ਼ਮਾਂ ਦੀ ਹੈ।
- ਇਸ ਕਿਤਾਬ ਵਿੱਚ ਪੰਜਵੀਂ ਕਿਤਾਬ ਵਿੱਚ ਸ਼ਾਮਲ ਨਾ ਹੋਣ ਕਰਕੇ ਅਣਛਪੀਆਂ ਪ੍ਰਗੀਤਕ ਰਚਨਾਵਾਂ ਦੇ ਨਾਲ਼-ਨਾਲ਼ ਪਹਿਲੀਆਂ ਚਾਰ ਕਿਤਾਬਾਂ ਵਿਚਲੀਆਂ ਅਜਿਹੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਕਿਤਾਬ ਮੇਰੀ ਹੁਣ ਤੱਕ ਦੇ ਸਮੁੱਚੇ ਪ੍ਰਗੀਤਕ ਕਾਵਿ ਦੀ ਹੈ।
- ਇਸ ਤੋਂ ਪਹਿਲਾਂ ਕਈ ਗਾਇਕਾਂ ਨੇ ਮੇਰੀਆਂ ਕੁਝ ਚੀਜ਼ਾਂ ਨੂੰ ਗਾਇਆ ਹੈ। ਇਹ ਕਿਤਾਬ ਸਾਹਿਤਕ ਰਚਨਾਵਾਂ ਗਾਉਣ ਵਾਲੇ ਗਾਇਕਾਂ ਦੀ ਸਹੂਲਤ ਲਈ ਵੀ ਹੈ।
- ਪੁਸਤਕ ਦੀ ਸੁਧਾਈ ਅਤੇ ਸੰਪਾਦਨ ਵਿੱਚ ਸਹਾਇਤਾ ਕਰਨ ਵਾਲੇ ਕਵੀ ਸਤਪਾਲ ਚਹਿਲ ਦਾ ਦਿਲੋਂ ਧੰਨਵਾਦੀ ਹਾਂ।

25 ਮਾਰਚ, 2025
ਲੁਧਿਆਣਾ

## ਰਾਵੀ ਦਾ ਗੀਤ

ਵਗਦੀ ਏ ਰਾਵੀ ਨਾਲ ਤੁਰਦੇ ਨੇ ਹਾਣੀ
ਧੁੱਪ ਸੋਨੇ ਰੰਗ ਦੀ ਤੇ ਚਾਂਦੀ ਰੰਗਾ ਪਾਣੀ

ਵਗਦੀ ਏ ਰਾਵੀ ਉੱਤੇ ਚੰਨ ਚਮਕਾਰਾ
ਬੰਦਿਆਂ ਦਾ ਬੰਦਿਆਂ ਨੂੰ ਜੀਣ ਦਾ ਸਹਾਰਾ

ਵਗਦੀ ਏ ਰਾਵੀ ਕੋਲ ਬੂਟਾ ਏ ਹਰਿਆ
ਸੱਜਣਾ ਪਿਆਰ ਬਿਨ ਦੱਸ ਕੀਹਦਾ ਸਰਿਆ

ਵਗਦੀ ਏ ਰਾਵੀ ਕੋਲ ਰਸਤਾ ਪਹਾੜੀ
ਆਇਆ ਦੂਰੋਂ ਚੱਲ ਕੇ ਰੁਕ ਜਾ ਦਿਹਾੜੀ

ਵਗਦੀ ਏ ਰਾਵੀ ਜਿਵੇਂ ਥਲ ਨੂੰ ਅਸੀਸਾਂ
ਜਿਉਂਦੀ ਰਹਿ ਜਿੰਦੀਏ ਨੀਂ ਤੇਰੀਆਂ ਕੀ ਰੀਸਾਂ

ਵਗਦੀ ਏ ਰਾਵੀ ਉੱਤੇ ਉੱਡਦੇ ਪਰਿੰਦੇ
ਉੱਡ ਜਾਣਾ ਉੱਡ ਜਾਣਾ ਉੱਡ ਜਾਣਾ ਜਿੰਦੇ

•

## ਅੰਬਰ ਗੀਤ

ਸੂਰਜਾ ਨਾ ਦੂਰ ਜਾ
ਵੇ ਲੈ ਕੇ ਸਾਰੀ ਊਰਜਾ
ਧੁੱਪਾਂ ਬਿਨਾਂ ਖਿੜਦੇ ਨਾ ਫੁੱਲ ਵੇ
ਰੰਗ ਤੇ ਸੁਗੰਧ ਬਿਨਾਂ
ਦੱਸ ਕਾਹਦੀ ਜ਼ਿੰਦਗੀ ਵੇ
ਜਿਉਂਦਿਆਂ ਨੂੰ ਜੀਣਾ ਜਾਵੇ ਭੁੱਲ ਵੇ

ਸੁਣ ਚੰਨ ਚੰਨਿਆ ਵੇ
ਤੈਨੂੰ ਸੋਹਣਾ ਮੰਨਿਆ ਵੇ
ਚਾਨਣੀ ਤੇਰੀ ਨੇ ਸਾਨੂੰ ਦੱਸਿਆ
ਵਾਧ ਘਾਟ ਮੇਲ ਤੇ
ਵਿਛੋੜਾ ਗੱਲਾਂ ਸੱਚੀਆਂ ਵੇ
ਪੁੰਨਿਆ ਰਹੇ ਨਾ ਸਦਾ ਮੱਸਿਆ

ਤਾਰਿਆ ਵਿਚਾਰਿਆ ਵੇ
ਇਕੱਲਤਾ ਦੇ ਮਾਰਿਆ ਵੇ
ਧਰਤੀ ਤੇ ਆ ਜਾ ਸਾਡੇ ਕੋਲ
ਚਮਕਾਂ ਵੀ ਚੰਗੀਆਂ
ਚਮਕਾਂ ਤੋਂ ਚੰਗੇ ਪਰ
ਆਪਣੇ ਪਿਆਰਿਆਂ ਦੇ ਬੋਲ

ਬੱਦਲਾ ਵੇ ਬੱਦਲਾ
ਆਪੇ ਨੂੰ ਉਲੱਦ ਲਾ
ਡੁੱਲ੍ਹ ਕੇ ਵੇ ਹੋ ਜਾ ਮੋਹਲੇਧਾਰ
ਭਰੇ ਪੀਤੇ ਰਹਿਣ ਨਾਲੋਂ
ਡੁੱਲ੍ਹ ਜਾਣਾ ਕਿਤੇ ਚੰਗਾ
ਡੁੱਲ੍ਹਣੇ ਨੂੰ ਕਹੀਦਾ ਪਿਆਰ

ਅੰਬਰਾ ਵੇ ਅੰਬਰਾ
ਨੀਲਿਆ ਪੈਗੰਬਰਾ
ਸਿਰਾਂ 'ਤੇ ਅਸੀਸ ਬਣ ਤਣਿਆ
ਆਸਾਂ ਧਰਵਾਸਾਂ ਨਿੱਤ
ਤੇਰੀ ਛਾਂਵੇਂ ਖੇਡਦੀਆਂ
ਦਿਲਾਂ 'ਚ ਭਰੋਸਾ ਰਹੇ ਬਣਿਆ।

•

## ਅਸਲ ਯਾਤਰੀ

ਅਸਲ ਯਾਤਰੀ ਲਈ
ਦੋ ਪੈਰ ਬਥੇਰੇ, ਦੂਰ ਦੇ ਘੇਰੇ
ਮਿਲਦੇ ਜਾ ਲੋਕਾਂ, ਜਗਾਉਂਦੇ ਜੋਤਾਂ
ਦੋਮੇਲ ਤੱਕ ਨਦਰਾਂ, ਹਾਲੇ ਤੱਕ ਕਦਰਾਂ
ਸਦਾ ਲਈ ਜਿਉਂਦੇ

ਧਰਤੀ ਉਹਨਾਂ ਨੂੰ
ਯਾਦ ਹੈ ਕਰਦੀ, ਲੰਮੇ ਸਾਹ ਭਰਦੀ
ਹੋ ਕੇ ਵੈਰਾਗਣ, ਜਿਵੇਂ ਕੋਈ ਰਾਗਣ
ਪਿਆਰ ਵਿਚ ਗਾਵੇ, ਜੀ ਨੀਰ ਵਹਾਵੇ
ਤੇ ਕਹਿੰਦੀ ਸਦਕੇ

ਅਸੀਂ ਬਣੇ ਯਾਤਰੀ ਨਾ
ਭਾਵੇਂ ਕੋਲ ਗੱਡੀਆਂ, ਸਪੀਡੀਂ ਛੱਡੀਆਂ
ਘਸਣ ਲੱਖ ਟਾਇਰ, ਫੈਲਾਈਏ ਜ਼ਹਿਰ
ਤੇਲ ਖੂਹ ਮੁੱਕਣੇ, ਧਰਤ ਪਈ ਸੁੱਕਣੇ
ਬੇਸਬਰੇ ਹੋਏ

ਵਿਚ ਘੁੰਮਣ ਘੇਰੀ ਦੇ
ਗੇੜੀਆਂ ਖਾਈਏ, ਕਿਤੇ ਨਾ ਜਾਈਏ
ਜੀ ਧੂੜਾਂ ਪੱਟੀਏ, ਦੱਸੋ ਕੀ ਖੱਟੀਏ
ਸਾਰੇ ਰਾਹ ਮੱਲੇ, ਸੂਤ ਨਾ ਚੱਲੇ
ਤੇ ਚੀਕ–ਚਿਹਾੜਾ

•

## ਆਪਣਾ ਪੰਜਾਬ

ਆਪਣਾ ਪੰਜਾਬ ਹੋਵੇ ਹੱਥ ਚ ਕਿਤਾਬ ਹੋਵੇ।
ਖਾਣ ਪੀਣ ਚੰਗਾ ਹੋਵੇ ਬੋਲਦਾ ਨਾ ਮੰਦਾ ਹੋਵੇ
ਬੁਰੇ ਨਸ਼ਿਆਂ ਤੋਂ ਬਚੇ ਸਿਹਤ ਨਾ ਖਰਾਬ ਹੋਵੇ
ਆਪਣਾ ਪੰਜਾਬ ਹੋਵੇ

ਦਿਲਾਂ 'ਚ ਨਾ ਕੌੜ ਹੋਵੇ ਮਿੱਠੀ ਬੋਲ ਬਾਣੀ ਹੋਵੇ
ਖੁੱਲ੍ਹੀ ਡੁੱਲ੍ਹੀ ਸੋਚ ਨਾਲੇ ਸਾਫ਼ ਪੌਣ ਪਾਣੀ ਹੋਵੇ
ਬਾਬਿਆਂ ਦੀ ਬਾਣੀ ਨਾਲ ਵੱਜਦੀ ਰਬਾਬ ਹੋਵੇ
ਆਪਣਾ ਪੰਜਾਬ ਹੋਵੇ

ਬੀਬੀਆਂ ਦਾ ਹਾਸਾ ਅਤੇ ਬਾਬਿਆਂ ਚ ਜੋਸ਼ ਹੋਵੇ
ਕੁੜੀਆਂ ਆਜ਼ਾਦ ਹੋਣ ਮੁੰਡਿਆਂ ਨੂੰ ਹੋਸ਼ ਹੋਵੇ
ਕਿਸੇ ਨੂੰ ਨਾ ਦੋਸ਼ ਆਪੋ ਆਪਣਾ ਹਿਸਾਬ ਹੋਵੇ
ਆਪਣਾ ਪੰਜਾਬ ਹੋਵੇ

ਘਰ ਘਰ ਕਲਾਕਾਰ ਗਿਆਨੀ ਵਿਗਿਆਨੀ ਹੋਣ
ਸਾਰੇ ਲੋਕ ਕਿਰਤੀ ਤੇ ਸਾਰੇ ਲੋਕ ਦਾਨੀ ਹੋਣ
ਇਥੋਂ ਦੇ ਜੰਮਿਆਂ ਦਾ ਇਥੇ ਪੂਰਾ ਖਾਬ ਹੋਵੇ
ਆਪਣਾ ਪੰਜਾਬ ਹੋਵੇ

ਰੱਜੀ ਪੁੱਜੀ ਨੀਤ ਵਾਲੇ ਆਗੂ ਸਚਿਆਰੇ ਹੋਣ
ਸਾਰੇ ਖੁਸ਼ਹਾਲੀ ਹੋਵੇ ਲੋਕੀ ਨਾ ਵਿਚਾਰੇ ਹੋਣ
ਵੀਰ ਭੈਣ ਸਾਰੇ ਕੋਈ ਸਾਬ ਨਾ ਜਨਾਬ ਹੋਵੇ
ਆਪਣਾ ਪੰਜਾਬ ਹੋਵੇ

ਲਹਿੰਦੇ ਚੜ੍ਹਦੇ ਨਾ ਕੋਈ ਕਿਸੇ ਨਾਲ ਵੈਰ ਹੋਵੇ
ਰੁੱਖਾਂ ਪਸ਼ੂ ਪੰਛੀਆਂ ਤੇ ਬੰਦਿਆਂ ਦੀ ਖ਼ੈਰ ਹੋਵੇ
ਸਤਲੁਜ ਬੋਲੀ ਪਾਵੇ ਨੱਚਦਾ ਚਨਾਬ ਹੋਵੇ
ਆਪਣਾ ਪੰਜਾਬ ਹੋਵੇ

•

## ਸਖੀਏ

ਤਨ ਤਰੰਗਤ ਤੇ ਮਨ ਮਦਹੋਸ਼ ਹੋਵੇ
ਰੂਹ ਰਾਗ ਦੇ ਨਾਲ਼ ਭਰਪੂਰ ਸਈਏ
ਤੇਰੀ ਯਾਦਾਂ ਦੀ ਭਰੀ ਕਿਤਾਬ ਵਿੱਚੋਂ
ਜਦੋਂ ਕਿਸੇ ਵੀ ਵਰਕੇ ਤੋਂ ਵਾਕ ਲਈਏ

ਚਾਹੁਣ ਫੁੱਲ ਛੋਹ ਤੇਰੇ ਪੋਟਿਆਂ ਦੀ
ਤੇ ਬੁੱਲ੍ਹੀਂ ਮੁਸਕਾਨ ਦਾ ਵਾਸਾ ਰਹੇ
ਇਨ੍ਹਾਂ ਨੈਣਾਂ ਦੇ ਡੂੰਘੇ ਸਰਵਰਾਂ ਦਾ
ਪ੍ਰੀਤ-ਹੰਸ ਨਾ ਕੋਈ ਪਿਆਸਾ ਰਹੇ

ਤੇਰੇ ਨਿਰਮਲ ਨੀਰ ਦੇ ਪੱਤਣਾਂ ’ਤੇ
ਗੀਤ ਗੂੰਜਦੇ ਤੇ ਘੜੇ ਰਹਿਣ ਭਰਦੇ
ਚੰਚਲ ਚੁਸਤ ਖਿਆਲਾਂ ਦੇ ਮਿਰਗ ਆਵਣ
ਸਫ਼ੈਦ ਬੱਤਖਾਂ ਜਹੇ ਖ਼ਵਾਬ ਤਰਦੇ

ਸੀਨਾ ਜਜ਼ਬਿਆਂ ਨਾਲ਼ ਭਰਪੂਰ ਹੋਵੇ
ਸਿਰ ਨੂੰ ਹੌਸਲਾ ਕਰੀ ਬੁਲੰਦ ਰੱਖੇ
ਸਦਾ ਧੜਕਣਾਂ ’ਚੋਂ ਅਨਹਦ ਸੁਣੇ
ਸਾਹਾਂ ਨੂੰ ਮਹਿਕਾਈ ਸੁਗੰਧ ਰੱਖੇ

ਕਦਮ ਧਰਤ ਮੱਥੇ ਬ੍ਰਹਿਮੰਡ ਸਾਰਾ
ਬਾਹੀਂ ਕੁਲ ਲੋਕਾਈ ਸਮਾਈ ਹੋਵੇ
ਦਿਨ ਚੜ੍ਹੇ ਦੀ ਲਾਲੀ ਦਾ ਤੇਜ਼ ਹੋਵੇ
ਢਲਦੀ ਸ਼ਾਮ ਦੀ ਟਿਕਟਿਕਾਈ ਹੋਵੇ

ਨਿੰਮਲ਼ ਅਰਸ਼ ਸਤਰੰਗੀ ਦਾ ਭਾਗ ਹੋਵੇ
ਸ਼ੁਭ ਹਸਰਤਾਂ ਨੂੰ ਸਦਾ ਨਸੀਬ ਹੋਵੇਂ
ਸਭ ਰੰਗਾਂ ’ਚੋਂ ਤੇਰਾ ਹੀ ਰੰਗ ਦਿਸੇ
ਦੂਰ ਹੋ ਕੇ ਵੀ ਸਦਾ ਕਰੀਬ ਹੋਵੇਂ

•

## ਇਸ਼ਕ

ਪੌਣਾਂ ਨੱਚੀਆਂ ਦਿਸ਼ਾਵਾਂ ਹੱਸੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

ਕਤਰਾ ਕਤਰਾ ਛੱਲਾਂ ਹੋਇਆ
ਤਾਰਾ ਤਾਰਾ ਗੱਲਾਂ ਹੋਇਆ
ਕੋਈ ਫਰਕ ਨਾ ਚੜ੍ਹੀਆਂ ਲੱਥੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

ਰਾਤ ਦਿਨਾਂ ਦਾ ਗੇੜਾ ਰੁਕਿਆ
ਗਲਤ ਸਹੀ ਦਾ ਝੇੜਾ ਮੁੱਕਿਆ
ਸਭ ਝੂਠੀਆਂ ਹੋਈਆਂ ਸੱਚੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

ਆਪਣੀ ਹੋਈ ਸਾਰੀ ਧਰਤੀ
ਰੌਲੇ ਅੰਦਰ ਵੀ ਚੁੱਪ ਵਰਤੀ
ਸਰਸਬਜ਼ ਨੇ ਟਿੱਬੀਆਂ ਢੱਕੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

ਜ਼ਿੰਦਗੀ ਮੌਤ ਜੋ ਸਕੀਆਂ ਭੈਣਾਂ
ਮੇਰੇ ਸ਼ਗਨ ਕਰੇਂਦੀਆਂ ਨੈਣਾਂ
ਸਭ ਸੱਸੀਆਂ ਸੋਹਣੀਆਂ ਨੱਚੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

ਰਾਂਝਾ ਸੈਦਾ ਵੀਰੇ ਵੀਰੇ
ਹਰ ਪਾਸੇ ਤੂੰ ਦਿਸਦੀ ਹੀਰੇ
ਇੱਕ ਹੋਈਆਂ ਮੁੰਦਰਾਂ ਨੱਤੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

•

## ਸ਼ਿੰਗਾਰ

ਗੱਲ ਸੁਣ ਮੇਰੇ ਪਿਆਰ ਵੇ
ਨਾ ਕੱਜਲੇ ਦੀ ਧਾਰ ਵੇ
ਮੇਰੀ ਅੱਖ ਮੰਗਦੀ, ਤੇਰਾ ਦਰਸ ਦੀਦਾਰ ਵੇ

ਨਾ ਕਾਂਟੇ ਬੁੰਦੇ ਢੋਲ ਵੇ
ਬਹਿ ਜਾ ਮੇਰੇ ਕੋਲ ਵੇ
ਮੇਰੇ ਕੰਨ ਮੰਗਦੇ, ਠੰਡੇ ਮਿੱਠੜੇ ਬੋਲ ਵੇ

ਟਿੱਕਾ ਸੂਈਆਂ ਫੁੱਲ ਵੇ
ਨਿਰੇ ਬੋਝ ਦੇ ਤੁੱਲ ਵੇ
ਇਹਨਾਂ ਵਾਲ਼ਾਂ 'ਤੇ, ਨਾ ਹੱਥ ਫੇਰਨਾ ਭੁੱਲ ਵੇ

ਗਜਰੇ ਚੂੜੇ ਕੱਖ ਵੇ
ਦੁਨੀਆਂ ਪਹਿਨੇ ਲੱਖ ਵੇ
ਮੇਰੀ ਵੀਣੀ ਨੂੰ ਹੱਥ 'ਚ ਫੜ ਕੇ ਰੱਖ ਵੇ

ਛਾਪਾਂ ਛੱਲੇ ਮੁੰਦੀਆਂ
ਮੂਲੋਂ ਨਹੀਂ ਸੋਹੁੰਦੀਆਂ
ਤੇਰੀਆਂ ਉਂਗਲਾਂ ਜੇ, ਵਿੱਚ ਉਂਗਲਾਂ ਦੇ ਹੁੰਦੀਆਂ

ਇਹ ਵੀ ਦੇਵਾਂ ਦੱਸ ਵੇ
ਤੀਲੀ ਲੌਂਗ ਨਾ ਨੱਥ ਵੇ
ਮੇਰਾ ਨੱਕ ਚਾਹੁੰਦਾ, ਛੂਹਵੇ ਤੇਰਾ ਨੱਕ ਵੇ

ਨਾ ਜੰਜੀਰੀ ਹਾਰ ਵੇ
ਸੋਨਾ ਚਾਂਦੀ ਭਾਰ ਵੇ
ਮੇਰੇ ਗਲ਼ ਲਈ ਤਾਂ, ਬਾਹਵਾਂ ਦੇ ਉਲਾਰ ਵੇ

ਜੋ ਵਿਕਦਾ ਵਿਚ ਬਜ਼ਾਰ ਵੇ
ਨਾ ਚਾਹਵਾਂ ਹਾਰ ਸ਼ਿੰਗਾਰ ਵੇ
ਮੇਰਾ ਦਿਲ ਮੰਗਦਾ, ਪਿਆਰੇ ਤੇਰਾ ਪਿਆਰ ਵੇ
•

## ਇਕ 'ਚ ਅਨੇਕ

ਇਕ ਤਾਰੇ ਨਾਲ
ਸੈਂਕੜੇ ਨਜ਼ਾਰੇ ਵੇ
ਤੈਨੂੰ ਕਿਉਂ ਇਕ ਨਾ ਦਿਸੇ
ਮੇਰੇ ਤਾਰੇ ਕਿਧਰੇ ਛਿਪੇ

ਇਕ ਤਾਰ ਵਿਚ
ਤਰਜ਼ਾਂ ਹਜ਼ਾਰ ਵੇ
ਤੈਨੂੰ ਕਿਉਂ ਇਕ ਨਾ ਸੁਣੇ
ਮੇਰੇ ਕੋਲੋਂ ਇਕ ਨਾ ਛਿੜੇ

ਇਕ ਅੱਖ ਵਿਚ
ਸੁਪਨੇ ਕਈ ਲੱਖ ਵੇ
ਤੇਰਾ ਕਿਉਂ ਇਕ ਨਾ ਬਣੇ
ਮੇਰੇ ਕੋਲੋਂ ਇਕ ਨਾ ਜਗੇ

ਇਕ ਲੋੜ ਲਈ
ਖੇਚਲਾਂ ਕਰੋੜ ਵੇ
ਜਿੰਦ ਕਿਵੇਂ ਅੰਬਰੀਂ ਉੜੇ
ਹਰ ਵੇਲੇ ਸੂਲੀ ਤੇ ਚੜ੍ਹੇ

ਇਕ ਦੇਹ ਵਿਚ
ਅਣਮਿਣੀ ਤੇਹ ਵੇ
ਜਿਹੜੀ ਨਾ ਮਿਟਾਏ ਤੋਂ ਮਿਟੇ
ਤੇਰੇ ਕੋਲੋਂ ਘੁੱਟ ਨਾ ਸਰੇ

ਇਕ ਰੱਬ ਵਿਚ
ਆ ਜਾਣ ਸਭ ਵੇ
ਤੈਨੂੰ ਇਕ ਮਿਕ ਨਾ ਲੱਗੇ
ਮੈਨੂੰ ਵੱਖ ਵੱਖ ਹੀ ਦਿਸੇ

•

## ਨਦੀਏ ਨੀਂ

ਨਦੀਏ ਨੀਂ ਪਿਆਰੀਏ ਨਦੀਏ
ਮਿਲਣ ਤੈਨੂੰ ਜਦ ਆਵਾਂ
ਮੈਂ ਤੇਰੇ ਤੋਂ ਤੈਨੂੰ ਮੰਗਾਂ
ਤੂੰ ਮੈਥੋਂ ਸਿਰਨਾਵਾਂ

ਨਾ ਹਿਰਖਾਂ ਨਾ ਚੀਕ ਪੁਕਾਰਾਂ
ਨੀਰ ਤੇਰੇ ਦੇ ਛਿੱਟੇ ਮਾਰਾਂ
ਚੋਭੀ ਅੱਖ ਹਵਾਵਾਂ

ਹਰ ਥਲ ਦਾ ਕੋਈ ਤਲ ਹੁੰਦਾ
ਮੇਰਾ ਆਪਾ ਜਲ ਥਲ ਹੁੰਦਾ
ਜਦ ਤੇਰੇ ਵਿਚ ਨ੍ਹਾਵਾਂ

ਬਦਨ ਤੇਰੀ ਰੂਹ ਦਾ ਪਹਿਰਾਵਾ
ਇਹ ਪਹਿਰਾਵਾ ਨਹੀਂ ਛਲਾਵਾ
ਹੱਥ ਲਾਵਾਂ ਕਿ ਨਾ ਲਾਵਾਂ

ਤੂੰ ਤੇ ਮੈਂ ਨਾ ਭਾਵੇਂ ਹਾਣੀ
ਪਾਣੀ ਜੇਡ ਪਿਆਸ ਪੁਰਾਣੀ
ਪੀਵਾਂ ਕਿ ਮਰ ਜਾਵਾਂ

ਕੀ ਲੈਣਾ ਜਾ ਪਰਲੇ ਕੰਢੇ
ਹਰ ਕੰਢਾ ਜੋੜੇ ਤੇ ਵੰਡੇ
ਮੈਂ ਵਿਚ ਡੁੱਬਣਾ ਚਾਹਵਾਂ

ਆਦਿ ਅੰਤ ਬਿਨ ਤੂੰ ਲੰਮੇਰੀ
ਡੂੰਘੀ ਰਾਤ ਦੇ ਵਾਂਗ ਡੂੰਘੇਰੀ
ਮੈਂ ਇਕ ਕਿਣਕਾ ਗਾਵਾਂ

ਨਦੀਏ ਨੀਂ ਪਿਆਰੀਏ ਨਦੀਏ
ਮਿਲਣ ਤੈਨੂੰ ਜਦ ਆਵਾਂ
ਮੈਂ ਤੇਰੇ ਤੋਂ ਤੈਨੂੰ ਮੰਗਾਂ
ਤੂੰ ਮੈਥੋਂ ਸਿਰਨਾਵਾਂ
•

## ਮਿਲਾਪ

ਤੂੰ ਮੈਨੂੰ ਮਿਲ ਇਸ ਤਰ੍ਹਾਂ
ਜਿਉਂ ਦਿਨ ਨੂੰ ਮਿਲਦੀ ਰਾਤ
ਤੇਰੇ ਬਿਨ ਮੈਂ ਇਸ ਤਰ੍ਹਾਂ
ਜਿਉਂ ਬਿਨਾਂ ਹੁੰਘਾਰੇ ਬਾਤ

ਵੱਸ ਮੇਰੇ ਵਿਚ ਇਸ ਤਰ੍ਹਾਂ
ਜਿਉਂ ਫੁਲੀਂ ਖ਼ੁਸ਼ਬੋ
ਤੂੰ ਮੈਨੂੰ ਛੂਹ ਇਸ ਤਰ੍ਹਾਂ
ਜਿਉਂ ਰੰਗਾਂ ਨੂੰ ਲੋਅ

ਤੂੰ ਮੈਨੂੰ ਮਿਲ ਇਸ ਤਰ੍ਹਾਂ
ਜਿਉਂ ਧਰਤੀ ਅੰਬਰ ਮੇਲ਼
ਮੀਂਹ ਵਾਂਗ ਨਾ ਵਰ੍ਹ ਮੇਰੇ 'ਤੇ
ਪੈ ਜਿਉਂ ਪਏ ਤਰੇਲ਼

ਰਹਿ ਮੇਰੇ ਵਿਚ ਇਸ ਤਰ੍ਹਾਂ
ਜਿਉਂ ਸਾਜ਼ਾਂ ਵਿਚ ਰਾਗ
ਸੁੱਤਿਆਂ 'ਤੇ ਸੁਪਨਾ ਬਣੇ
ਜਾਗਦਿਆਂ 'ਤੇ ਜਾਗ

ਟਿਕ ਮੇਰੇ ਵਿਚ ਇਸ ਤਰ੍ਹਾਂ
ਜੀਕਣ ਪਿੰਡੇ ਜਾਨ
ਢਕ ਲੈ ਚਾਰੇ ਪਾਸਿਓਂ
ਜਿਉਂ ਧਰਤੀ ਨੂੰ ਅਸਮਾਨ

ਤੂੰ ਮੈਨੂੰ ਚੜ੍ਹ ਇਸ ਤਰ੍ਹਾਂ
ਜੀਕਣ ਰੰਗ ਚੜ੍ਹੇ
ਪਾਣੀ ਅਤੇ ਪਿਆਸ ਨਾ
ਸੰਗਦੇ ਦੂਰ ਖੜ੍ਹੇ

ਤੇਰੇ ਬਿਨ ਮੈਂ ਬਹੁਤ ਇਕੱਲਾ
ਤੂੰ ਮੈਨੂੰ ਮਿਲ ਇਸ ਤਰ੍ਹਾਂ
•

## ਦਾਤ

ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ
ਆਪ ਤੁਸਾਂ ਨੇ ਚਿਣਗ ਮਘਾਈ ਆਪ ਬਣੇ ਬਰਸਾਤ

ਜਿਹੜੇ ਦਿਨ ਸੱਜਣ ਜੀ ਤਨ-ਮਨ ਛੋਹ ਤੁਸਾਂ ਦੀ ਪਾਈ
ਰੋਮ-ਰੋਮ ਦੇ ਅੰਦਰ ਜਾਪੇ ਛਿੜੀ ਕੋਈ ਸ਼ਹਿਨਾਈ
ਬੁਝੇ ਹੋਏ ਨੈਣਾਂ ਦੇ ਅੰਦਰ ਲਿਸ਼ਕੀ ਰਿਸ਼ਮ ਖ਼ੁਦਾਈ
ਚੰਨ ਜੀ ਚਾਨਣ ਚਾਨਣ ਹੋਈ ਮਨ ਦੀ ਕਾਲੀ ਰਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਕੱਲਮ-ਕੱਲੇ ਅਤੇ ਪਿਆਸੇ ਮਾਰੂਥਲ ਸਾਂ ਗਾਹੁੰਦੇ
ਅਪਣਾ ਸੀ ਪਰਛਾਵਾਂ ਫੜਦੇ, ਮੰਜ਼ਿਲ ਥਹੁ ਨਾ ਪਾਉਂਦੇ
ਉਡਦੇ-ਉਡਦੇ ਬੱਦਲ ਵਾਂਗੂੰ ਸੱਜਣ ਜਾਪੇ ਆਉਂਦੇ
ਪਹਿਲਾਂ ਸਿਰ ਸੰਘਣੀ ਛਾਂ ਕੀਤੀ, ਫੇਰ ਬਣੇ ਬਰਸਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਉਜੜੇ ਖ਼ੂਹ ਵਰਗੀ ਸੀ ਜਿੰਦੂ, ਜਿਉਂਦੀ ਸ਼ੈ ਨਾ ਕੋਲ
ਨਾ ਹੀ ਟਿਕ ਟਿਕ, ਨਾ ਹੀ ਗੀਂ ਗੀਂ, ਨਾ ਹੀ ਗੁਟਕੂੰ ਬੋਲ
ਨਾ ਹੀ ਟੱਲੀਆਂ ਨਾ ਹੀ ਘੁੰਗਰੂ ਨਾ ਲੱਜਾਂ ਨਾ ਡੋਲ
ਪਰ ਜਦ ਸੱਜਣ ਏਧਰ ਆਏ ਖਿੜ ਗਈ ਕਾਇਆਨਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਸੱਜਣ ਜੀ ਸਾਡੇ ਬੁੱਲ੍ਹਾਂ ਤੇ ਬਣ ਕੇ ਆਏ ਗੀਤ
ਗੀਤਾਂ ਤੋਂ ਵੱਧ ਨਾਲ ਕਿਸੇ ਦੇ ਕੌਣ ਪਾਲਦਾ ਪ੍ਰੀਤ
ਹੁਣ ਤਾਂ ਲਗਦੈ ਚਾਰ ਚੁਫੇਰੇ ਛਿੜਿਆ ਅਜ਼ਬ ਸੰਗੀਤ
ਮੈਂ ਤੇਰੇ ਲਈ ਬਣਾਂ ਹੁੰਘਾਰਾ ਤੂੰ ਮੇਰੇ ਲਈ ਬਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਸਾਡੀ ਚਿੜੀ ਚੇਤਨਾ ਵਾਲੀ ਖੁਸ਼ਬੂ ਦੇ ਵਿਚ ਨ੍ਹਾਵੇ
ਅੰਗ-ਅੰਗ 'ਚੋਂ ਖੰਭ-ਖੰਭ 'ਚੋਂ, ਮਹਿਕ ਤੁਹਾਡੀ ਆਵੇ
ਹਰ ਸ਼ੈ ਜਾਪੇ ਰੂਪ ਤੁਹਾਡਾ ਭਰਦੀ ਜਿੰਦ ਕਲਾਵੇ
ਵਾਲਾਂ ਦੇ ਵਿਚ ਸ਼ਾਮ ਲਪੇਟੀ ਮੁੱਖ ਚਮਕੇ ਪ੍ਰਭਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਜੇਸ ਦਿਹਾੜੇ ਤੋਂ ਸੱਜਣ ਜੀ ਰੰਗ ਤੁਹਾਡੇ ਰੰਗੇ
ਆਰੋਂ-ਪਾਰੋਂ ਰੰਗਾਂ ਨੇ ਵੀ ਰੰਗ ਅਸਾਂ ਤੋਂ ਮੰਗੇ
ਅਪਣਾ ਆਪ ਬਣਾਇਆ ਸਾਨੂੰ ਜਾਣ ਤੁਸਾਂ ਨੇ ਚੰਗੇ
ਹੁਣ ਸੱਜਣ-ਜਸ ਗਾਈਏ ਜੀਕੂੰ ਪੀਰ ਕਿਸੇ ਦੀ ਨਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਆਪ ਤੁਸਾਂ ਨੇ ਚਿਣਗ ਮਘਾਈ ਆਪ ਬਣੇ ਬਰਸਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

•

## ਉਡੀਕ

ਬਿਰਹਾ ਵੈਰਾਗ ਛਾਏ ਹੋਏ ਘਨਘੋਰ ਵੇ
ਦੱਸ ਤੇਰੇ ਆਉਣ ਵਿਚ ਕਿੰਨਾ ਚਿਰ ਹੋਰ ਵੇ

ਖ਼ਤਾਂ ਵਿਚ ਕਰਦਾ ਤੂੰ ਰਹੇਂ ਅੱਜ-ਕੱਲ੍ਹ ਵੇ
ਤੈਨੂੰ ਤੱਕਣੇ ਦਾ ਸਾਨੂੰ ਚੜ੍ਹਿਆ ਏ ਝੱਲ ਵੇ
ਤੇਰੇ ਬਿਨਾਂ ਕਿੰਜ ਸਾਡਾ ਨੱਚੇ ਮਨ ਮੋਰ ਵੇ-

ਕੱਲਿਆਂ ਨੂੰ ਘਰ ਦੀਆਂ ਕੰਧਾਂ ਪੈਣ ਖਾਣ ਵੇ
ਸੱਭੋ ਕੁਝ ਜਾਣਦਿਆਂ ਹੋਇਓਂ ਅਣਜਾਣ ਵੇ
ਦਿਲ ਕਿਵੇਂ ਕਰ ਲਿਆ ਏਨਾ ਤੂੰ ਕਠੋਰ ਵੇ-

ਤੈਨੂੰ ਤੱਕ ਲਈਏ ਤਾਂ ਹੀ ਜਿੰਦ ਨੂੰ ਸਵੇਰ ਵੇ
ਦਿਲ 'ਚ ਹਨੇਰ ਰਹਿਣਾ ਹੋਰ ਕਿੰਨੀ ਦੇਰ ਵੇ
ਚੜ੍ਹ-ਚੜ੍ਹ ਚੰਨਾ ਤੇਰੀ ਸਹਿਕਦੀ ਚਕੋਰ ਵੇ-

ਕੱਟਿਆਂ ਨਾ ਕੱਟ ਹੋਵੇ ਬਿਰਹੋਂ ਦੀ ਰਾਤ ਵੇ
ਕੇਹੀ ਸਾਨੂੰ ਦੇ ਗਿਉਂ ਉਡੀਕ ਦੀ ਸੁਗਾਤ ਵੇ
ਤੁਰਦੇ ਨੇ ਪਲ-ਛਿਣ ਯੁਗਾਂ ਵਾਲੀ ਤੋਰ ਵੇ-

ਤਰਸ ਗਿਆ ਮਨ ਦੇਖਣੇ ਨੂੰ ਤੇਰਾ ਮੁੱਖ ਵੇ
ਤੇਰੇ ਨਾਲ ਸਾਨੂੰ ਕੁੱਲ ਦੁਨੀਆਂ ਦੇ ਸੁੱਖ ਵੇ
ਪਰ ਪਰਦੇਸੀਂ ਬੈਠੇ ਉੱਤੇ ਕਾਹਦਾ ਜ਼ੋਰ ਵੇ-
ਦੱਸ ਤੇਰੇ ਆਉਣ ਵਿਚ ਕਿੰਨਾ ਚਿਰ ਹੋਰ ਵੇ

•

## ਅਰਦਾਸ

ਜਿੰਨੀ ਕੁ ਦੇਣੀ ਜ਼ਿੰਦਗੀ ਜਿਉਣ ਦਾ ਅਹਿਸਾਸ ਦਈਂ
ਥੋੜ੍ਹੀ ਤੋਂ ਥੋੜ੍ਹੀ ਭੁੱਖ ਤੇ ਬਹੁਤੀ ਤੋਂ ਬਹੁਤੀ ਪਿਆਸ ਦਈਂ

ਹਰ ਪਰ ਨੂੰ ਪਰਵਾਜ਼ ਤੇ ਹਰ ਪੇਟ ਨੂੰ ਦਾਣਾ ਮਿਲੇ
ਸਭ ਜੜ੍ਹਾਂ ਨੂੰ ਮਿੱਟੀ ਦਈਂ ਸਿਖਰਾਂ ਨੂੰ ਆਕਾਸ ਦਈਂ

ਸੁੱਖ ਲਈ ਤਰਲਾ ਅਤੇ ਦੁੱਖ ਤੋਂ ਇਨਕਾਰ ਨਹੀਂ ਪਰ
ਦੁੱਖ ਨਾਲ ਸ਼ਿਕਵੇਂ ਦੀ ਥਾਂ ਜਿਗਰਾ ਦਈਂ ਧਰਵਾਸ ਦਈਂ

ਲੋਅ ਦਾ ਝੂਠਾ ਚਾਅ ਤੇ ਨੇਰ੍ਹੇ ਦਾ ਸੱਚਾ ਖੌਫ਼ ਨਾ ਦਈਂ
ਦਿਨੇਂ ਜਗਦੀ ਅੱਖ ਦਈਂ ਰਾਤੀਂ ਜਗਦੀ ਆਸ ਦਈਂ

ਮੈਂ-ਮੈਂ ਮੇਰੀ ਤੇ ਓਸ ਦੀ ਤੂੰ-ਤੂੰ ਮੈਂ-ਮੈਂ ਨਾ ਬਣੇ
ਹੋਵੇ ਨਾ ਭਾਵੇਂ ਏਕਤਾ ਪਰ ਸੁੱਚਾ ਸਹਿਵਾਸ ਦਈਂ

ਜ਼ਿੰਦਗੀ ਬਿਨ ਸ਼ਹਿਰ ਨਾ ਤੇ ਵਣ ਤੋਂ ਬਿਨ ਨਾ ਜ਼ਿੰਦਗੀ
ਜਿਉਣ ਜੋਗੇ ਸ਼ਹਿਰ ਨੂੰ ਬਣਦਾ ਸਰਦਾ ਬਣਵਾਸ ਦਈਂ

•

## ਖ਼ੁਸ਼ਖ਼ਬਰੀ

ਆਉਣ ਤੇਰੇ ਦੀ ਖ਼ਬਰ ਕਿ, ਚਿੱਤ ਨੂੰ ਚੜ੍ਹਿਆ ਚਾਅ
ਦਿਲ ਦੀ ਧੜਕਣ ਆਖਦੀ, ਤੂੰ ਆ ਤੂੰ ਆ ਕਿ ਤੂੰ ਆ

ਮਸਤੀ ਚੜ'ਗੀ ਪੌਣ ਨੂੰ, ਤੇ ਅੰਬਰ ਗਿਆ ਨਸ਼ਿਆ
ਦਸੇ ਦਿਸ਼ਾਵਾਂ ਗੂੰਜੀਆਂ, ਅਣ-ਦਿਸਦਾ ਸਾਜ਼ ਵਜਾ

ਰੁੱਖ ਲੋਚਦੇ ਨੱਚਣਾ, ਸਭ ਟਾਹਣੀਆਂ ਪੱਤ ਫੈਲਾਅ
ਰੁੱਤ ਰੰਗੀਲੀ ਹੋ ਗਈ, ਅਤੇ ਰੰਗ ਰਹੇ ਨੇ ਗਾ

ਫੁੱਲ ਤਰਕੀਬਾਂ ਸੋਚਦੇ, ਛੂਹ ਲਈਏ ਤੈਨੂੰ ਧਾਅ
ਧੁੱਪ ਸੁਰੀਲੀ ਹੋ ਗਈ, ਛਾਂ ਦਿੱਤੀ ਮਹਿਕ ਵਿਛਾਅ

ਰਿਜ਼ਕ ਰਸੀਲਾ ਹੋ ਗਿਆ, ਅਤੇ ਪਾਣੀ ਹੱਸ ਪਿਆ
ਸੀ ਸਾਹਾਂ ਦੀ ਆਰਜ਼ੂ, ਰੱਬ ਸੱਚਾ ਦਏ ਮਿਲਾ

•

## ਪਿਆਰ ਦਾ ਸੰਸਾਰ

ਤੇਰੇ ਨਾਲ ਹੋ ਗਿਆ ਪਿਆਰ ਸੋਹਣਿਆਂ
ਸੋਹਣਾ ਸੋਹਣਾ ਲੱਗੇ ਸੰਸਾਰ ਸੋਹਣਿਆਂ

ਰੁੱਖ ਪਸ਼ੂ ਪੰਛੀ ਹੋਏ ਵੀਰ ਭੈਣ ਇਹ
ਜਦੋਂ ਤੈਨੂੰ ਯਾਦ ਕਰਾਂ ਮੈਨੂੰ ਕਹਿਣ ਇਹ
ਅਸੀਂ ਤੇਰਾ ਵੱਡਾ ਪਰਿਵਾਰ ਸੋਹਣਿਆਂ
ਸੋਹਣਾ ਸੋਹਣਾ ਲੱਗੇ ਸੰਸਾਰ ਸੋਹਣਿਆਂ

ਧਰਤੀ ਨੇ ਦਿੱਤੀ ਹੈ ਅਸੀਸ ਪਿਆਰ ਦੀ
ਪਿਆਰ ਦੀ ਫ਼ੁਹਾਰ ਕਿੰਨਾ ਚਿੱਤ ਠਾਰਦੀ
ਏਸ ਗੱਲੋਂ ਕਿਹਨੂੰ ਇਨਕਾਰ ਸੋਹਣਿਆਂ
ਸੋਹਣਾ ਸੋਹਣਾ ਲੱਗੇ ਸੰਸਾਰ ਸੋਹਣਿਆਂ

ਕੁੱਲ ਜੰਗਲ ਪਹਾੜ ਤੇਰਾ ਰੂਪ ਲਗਦੇ
ਲੋਅ ਤੇਰੇ ਨੈਣਾਂ ਦੀ ਜੋ ਦੀਵੇ ਜਗਦੇ
ਸਾਰੇ ਪਾਸੇ ਤੇਰਾ ਘਰ ਬਾਰ ਸੋਹਣਿਆਂ
ਸੋਹਣਾ ਸੋਹਣਾ ਲੱਗੇ ਸੰਸਾਰ ਸੋਹਣਿਆਂ

ਤੇਰੇ ਨਾਲ ਹੋ ਗਿਆ ਪਿਆਰ ਸੋਹਣਿਆਂ
ਸੋਹਣਾ ਸੋਹਣਾ ਲੱਗੇ ਸੰਸਾਰ ਸੋਹਣਿਆਂ

•

## ਰਾਂਝਾ

ਆ ਨੀ ਹੀਰੇ ਜਾਹ ਨੀ ਹੀਰੇ ਭਰ ਨੈਣਾਂ ਦੀ ਥਾਲੀ
ਯਾਦ ਤੇਰੀ ਦੇ ਬਾਗ਼ੀਂ ਬੈਠਾ ਦਿਲ ਦੀ ਧੂਣੀ ਬਾਲੀ

ਪਿੰਡੇ ਉਹਦੇ ਸਿਦਕ ਬਿਭੂਤੀ ਕਾਸਾ ਬੇਸ਼ੱਕ ਖਾਲੀ
ਰੂਹ ਦੀ ਵੰਝਲੀ ਪਿਆ ਵਜਾਵੇ ਕੱਢਦਾ ਸੁਰ ਮਤਵਾਲੀ

ਪੀਤਾ ਉਸਨੇ ਸਬਰ ਘੋਟ ਕੇ ਅੱਖੀਆਂ ਦੇ ਵਿਚ ਲਾਲੀ
ਤੇਰੀ ਹਿਜਰ ਛੁਰੀ ਨੇ ਵਿੰਨ੍ਹਿਆ ਕੰਨ ਪਾੜੇ ਜੜ੍ਹ ਗਾਲੀ

ਪਾ ਕੇ ਉਸ ਨੇ ਇਸ਼ਕ ਕੁਠਾਲੀ ਕਿਸਮਤ ਐਸੀ ਢਾਲੀ
ਤੇਰਾ ਨਾਂ ਹਰ ਮਣਕੇ ਉੱਤੇ ਮਾਲਾ ਸਾਹਾਂ ਵਾਲੀ

ਮੱਥੇ ਤਿਲਕ ਦੁੱਖਾਂ ਦਾ ਲਾਇਆ ਮੋਢੇ ਕੰਬਲੀ ਕਾਲੀ
ਝੱਬ ਕਰ ਹੀਰੇ ਜਾ ਨੀ ਅੜੀਏ ਹੈ ਕੁਝ ਵੇਲਾ ਹਾਲੀ

ਜੇ ਆਪੇ ਦੀ ਖ਼ੈਰ ਨਾ ਪਾਈ ਰਹਿ ਜਾਏਂਗੀ ਖਾਲੀ
ਆ ਨੀ ਹੀਰੇ ਜਾਹ ਨੀ ਹੀਰੇ ਭਰ ਨੈਣਾਂ ਦੀ ਥਾਲੀ।

•

## ਤੂੰ ਹੋਵੇਂ

ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ
ਸੂਰਜ ਢਲ਼ਦਿਆਂ ਮੇਰੀ ਸ਼ਾਮ ਹੋਵੇਂ
ਹੋਵੇਂ ਦਿਨ ਦੀਆਂ ਸਰਗਰਮੀਆਂ
ਤੇ ਰਾਤਾਂ ਦੀ ਨੀਂਦ ਆਰਾਮ ਹੋਵੇਂ

ਤਨ ਮਨ ਦੋਹਾਂ ਦਾ ਹਾਲ ਹੋਵੇਂ
ਦਿਲ ਦਾ ਨਰਮ ਖਿਆਲ ਹੋਵੇਂ
ਖ਼ੁਸ਼ਖ਼ਤ ਇਬਾਰਤ ਪੜ੍ਹਨ ਲਈ
ਲਿਖਣ ਨੂੰ ਤਾਜ਼ਾ ਕਲਾਮ ਹੋਵੇਂ
ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ....

ਤੂੰ ਉਡਣੇ ਦਾ ਉਤਸ਼ਾਹ ਹੋਵੇਂ
ਤੇ ਵਗਦੇ ਰਹਿਣ ਦਾ ਚਾਅ ਹੋਵੇਂ
ਜਦੋਂ ਦੌੜੀਏ ਤੇਰੀ ਸ਼ੂਕ ਹੋਵੇ
ਜਿਥੇ ਠਹਿਰੀਏ ਤੂੰ ਮੁਕਾਮ ਹੋਵੇਂ
ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ....

ਕੰਨਾਂ ਲਈ ਪਿਆਰਾ ਬੋਲ ਹੋਵੇਂ
ਹਰ ਵੇਲੇ ਇਸ ਤਰ੍ਹਾਂ ਕੋਲ ਹੋਵੇਂ
ਤੂੰ ਬਦੀਆਂ ਲਈ ਉਪਦੇਸ਼ ਬਣੇਂ
ਨੇਕੀ ਦਾ ਪਿਆਰ ਇਨਾਮ ਹੋਵੇਂ
ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ....

ਮੇਰੀ ਹਸਤੀ ਜਾਂ ਔਕਾਤ ਹੋਵੇਂ
ਤੇ ਮੁਕਤੀ ਦੀ ਸ਼ੁਰੂਆਤ ਹੋਵੇਂ
ਮੇਰੇ ਮਾਣ ਦੀ ਸਿਖ਼ਰ ਤੂੰ ਹੋਵੇਂ
ਹਰ ਕਰਨੀ ਦਾ ਅੰਜਾਮ ਹੋਵੇਂ
ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ
ਸੂਰਜ ਢਲ਼ਦਿਆਂ ਮੇਰੀ ਸ਼ਾਮ ਹੋਵੇਂ
ਹੋਵੇਂ ਦਿਨ ਦੀਆਂ ਸਰਗਰਮੀਆਂ
ਤੇ ਰਾਤਾਂ ਦੀ ਨੀਂਦ ਆਰਾਮ ਹੋਵੇਂ

•

## ਵੇ ਰਾਂਝਣਾ

ਜਿਹੜੇ ਰੰਗ ਵਿਚ ਤੂੰ ਰੰਗਿਆ ਏਂ
ਅਸੀਂ ਵੀ ਓਸੇ ਰੰਗ ਦੇ ਹਾਂ

ਜਿਹੜੇ ਡੰਗ ਦਾ ਤੂੰ ਡੰਗਿਆ ਏਂ
ਡੰਗੇ ਓਸੇ ਡੰਗ ਦੇ ਹਾਂ

ਰੱਬ ਕੋਲੋਂ ਤੂੰ ਸਾਨੂੰ ਮੰਗਦਾ
ਅਸੀਂ ਵੀ ਤੈਨੂੰ ਮੰਗਦੇ ਹਾਂ

ਤੇਰੇ ਵਡੇਰੇ ਜੇ ਤਖ਼ਤ ਹਜ਼ਾਰੇ
ਅਸੀਂ ਵੀ ਪਿੱਛਿਓਂ ਝੰਗ ਦੇ ਹਾਂ

•

## ਸਾਜ਼ ਤੇ ਆਵਾਜ਼

ਦੋਹਾਂ ਦੇ ਭਾਗੀਂ ਨਾ ਹੋਈ ਕਦੀ ਸੁਰੀਲੀ 'ਵਾਜ਼
ਮੈਨੂੰ ਨਹੀਂ ਵਜਾਉਣਾ ਆਉਂਦਾ ਜਾਂ ਫਿਰ ਤੂੰ ਨਾ ਸਾਜ਼

ਤਖ਼ਤਾ ਕੌਲੀ ਪਾਵਾ ਪੱਤਾ ਬਣ ਸਕਦੇ ਹਨ ਸਾਜ਼
ਕੱਢਣ ਵਾਲੇ ਤਾਂ ਕੱਢ ਲੈਂਦੇ ਪੱਥਰਾਂ 'ਚੋਂ ਆਵਾਜ਼

ਸੀਨੇ ਵਿਚ ਕਰੋੜਾਂ ਤਰਜ਼ਾਂ ਸ਼ਾਂਤ ਪਿਆ ਹੈ ਸਾਜ਼
ਬੰਦੇ ਨੂੰ ਪਰ ਟਿਕਣ ਨਾ ਦਿੰਦੀ ਮੈਂ ਮੈਂ ਦੀ ਆਵਾਜ਼

ਪੱਤੇ ਖੜਕੇ ਬੱਦਲ ਗਰਜੇ ਕਣੀਆਂ ਦੀ ਆਵਾਜ਼
ਘਾਬਰ ਗਈਆਂ ਪੱਕੀਆਂ ਫਸਲਾਂ ਸੁਣ ਕੇ ਮਾਰੂ ਸਾਜ਼

ਦੋ ਬਾਬੇ ਸਨ ਯਾਤਰੀ ਤੇ ਇਕ ਦੇ ਮੋਢੇ ਸਾਜ਼
ਧਰਤੀ ਅੰਬਰ ਗੂੰਜਣ ਲੱਗੇ ਹੋ ਕੇ ਇਕ ਆਵਾਜ਼

ਕੁਦਰਤ ਹੱਥੀਂ ਵੱਜਦਾ ਸੁਰ ਹੋਇਆ ਪਿੰਡਾ ਸਾਜ਼
ਸਦੀਆਂ ਤੀਕਰ ਗੂੰਜਣੀ ਇਸਦੀ ਮਧੁਰ ਆਵਾਜ਼

•

## ਦੋਹੇ

ਇਕ ਕਟੋਰਾ ਚਾਨਣੀ ਇਕ ਤਾਰਿਆਂ ਦੀ ਮੁੱਠ
ਧਰਤੀ ਫੁਲਕਾ ਫੁੱਲਿਆ ਕੋਈ ਸਿੱਧ ਨਾ ਪੁੱਠ

ਛੁਪਿਆ ਮਗਰ ਪਹਾੜ ਦੇ ਚਾਂਦੀ ਵੰਨਾਂ ਚੰਨ
ਸੋਨ ਸਵੇਰਾ ਹੋ ਗਿਆ ਨੇਰ੍ਹ ਕੋਠੜੀ ਭੰਨ

ਚੜ੍ਹਨੇ ਵੇਲੇ ਲਾਲ ਸੀ ਛਿਪਣ ਸਮੇਂ ਵੀ ਲਾਲ
ਤਿੰਨ ਪਹਿਰਾਂ ਜੋ ਤੜਪਿਆ ਹੋਇਆ ਭੁੱਜ ਬੇਹਾਲ

ਰੂੰ ਦੇ ਜਿਓਂ ਪਹਾੜ ਨੇ ਬੱਦਲ ਚੜ੍ਹੇ ਅਥਾਹ
ਕਿਹੜਾ ਪੇਂਜਾ ਪਿੰਜਦਾ ਬੀਜੀ ਕੇਸ ਕਪਾਹ

ਮਿੱਟੀ ਦੇ ਵਿਚ ਪੈ ਕੇ ਹੱਸ ਪਿਆ ਏ ਬੀਅ
ਉਗਣਾ ਖਿੜਨਾ ਪੱਕਣਾ ਤੇ ਹੋਣਾ ਕੀ ਕੀ

ਧਰਤੀ ਬਿਹਬਲ ਹਾਲ ਸੀ ਰੜਕੀ ਅੰਬਰ ਅੱਖ
ਬਿਰਹੋਂ ਝੱਖੜ ਝੁੱਲਿਆ ਬੱਦਲ ਰੋਏ ਵੱਖ

ਸਗਲੀ ਧਰਤ ਸੁਹਾਵਨੀ ਅੰਬਰ ਸਗਲ ਪਿਆਰ
ਸਗਲ ਕਾਮਨਾ ਅਗਨ ਹੈ ਸਗਲ ਜੰਤ ਪਰਵਾਰ

ਗੋਦੀ ਲੈ ਸੁਣਾਂਵਦੀ ਬੀਤੇ ਦਿਨ ਦੀ ਬਾਤ
ਜਦ ਤੱਕ ਬਾਤ ਨਾ ਮੁਕਦੀ ਮੁੜ ਮੁੜ ਪੈਂਦੀ ਰਾਤ

ਸਾਗਰ ਕੰਢੇ ਪਹੁੰਚਿਆ ਲੈ ਨੀਅਤ ਮਨ ਦੇਹ
ਪਾਣੀ ਪਾਣੀ ਹੋ ਗਿਆ ਸਾਗਰ ਤੱਕ ਤ੍ਰੇਹ

ਪਿੰਡਾ ਪਿੰਡਾ ਕੂਕਦਾ ਪਿੰਡਾ ਕਰੇ ਖਰੂਦ
ਪਿੰਡਾ ਪਿੰਡੇ ਲੱਗ ਕੇ ਸਿਰਜੇ ਨਵਾਂ ਵਜੂਦ

ਆਪੇ ਲਹਿਰਾਂ ਉਠਦੀਆਂ ਕੰਢੇ ਆ ਕੇ ਬੱਸ
ਇੰਜ ਹੀ ਚਾਲਾ ਚੱਲਣਾ ਨਾ ਭਰਵੱਟੇ ਕੱਸ

ਗੰਧਲੇ ਪਾਣੀ ਛੇੜ ਕੇ ਹੋਰ ਰਿਹੈਂ ਗੰਧਲਾਅ
ਚਾਹੁੰਨੈਂ ਕੁਝ ਨਤਾਰਨਾ ਚਾਹੀਦੈ ਟਿਕ ਟਕਾਅ

ਰੁੱਖ ਤੇ ਪੰਛੀ ਗਾ ਰਹੇ ਤੂੰ ਕਿਉਂ ਰੋਵੇਂ ਹੇਠ
ਰੁੱਤਾਂ ਗਾਵਨਹਾਰੀਆਂ ਕੀ ਭਾਦੋਂ ਕੀ ਜੇਠ

•

## ਟੱਪੇ

ਦੁਨੀਆ ਨੂੰ ਕੀ ਪਈ ਏ
ਦੁੱਖ ਤੇਰਾ ਜਾਨ ਕੱਢਦਾ
ਤੇਰੀ ਛੋਹ ਨਾਲ ਜੀਅ ਪਈਏ।

ਕੱਤਣੀ ਨੂੰ ਰੂੰ ਚਾਹੀਦਾ
ਤੈਨੂੰ ਸਾਡਾ ਸਾਥ ਚਾਹੀਦਾ
ਸਾਨੂੰ ਸਾਰਾ ਹੀ ਤੂੰ ਚਾਹੀਦਾ।

ਘੜਿਆਂ ਵਿੱਚ ਪਾਣੀ ਨੇ
ਜਿਸਮ ਲਿਬਾਸ ਰੂਹਾਂ ਦੇ
ਕਿਹਾ ਰੂਹ ਦੇ ਹਾਣੀ ਨੇ।

ਸੋਹਣਾ ਤੇਰੇ ਜਿੰਨਾ ਫੁੱਲ ਕੋਈ ਨਾ
ਜਿਹੜਾ ਸਾਨੂੰ ਤੈਥੋਂ ਮਿਲਿਆ
ਉਸ ਪਿਆਰ ਦਾ ਮੁੱਲ ਕੋਈ ਨਾ।

ਪੀਲਾ ਅਮਲਤਾਸ ਖਿੜਿਆ
ਨਿੰਮ੍ਹੀ ਨਿੰਮ੍ਹੀ ਆਈ ਵਾਸ਼ਨਾ
ਕੋਈ ਵਿਹੜੇ ਆ ਵੜਿਆ।

ਗੱਲਾਂ ਛੱਡ ਸੰਸਾਰ ਦੀਆਂ
ਲੋਕਾਂ ਦੀਆਂ ਲੋਕ ਜਾਣਦੇ
ਸਾਨੂੰ ਤਲਬਾਂ ਯਾਰ ਦੀਆਂ।

•

## ਮੁੜ ਮੁੜ ਕੇ

ਮੁੜ ਮੁੜ ਕੇ ਮੈਂ ਤੇਰੀ ਗੱਲ ਨਕਾਰ ਦਿਆਂ
ਤੂੰ ਜੋ ਆਖੇਂ ਤੈਨੂੰ ਦਿਲੋਂ ਵਿਸਾਰ ਦਿਆਂ

ਤੂੰ ਆਵੇਂ ਤਾਂ ਮੈਂ ਤੇਰੇ ਲਈ ਸ਼ਾਮਾਂ ਨੂੰ
ਪਾਣੀ ਅੰਦਰ ਸੂਰਜ ਨਕਸ਼ ਉਤਾਰ ਦਿਆਂ

ਤੈਨੂੰ ਦਿੱਤਿਆਂ ਮੇਰਾ ਹੀ ਸਭ ਰਹਿਣਾ ਹੈ
ਜਿੰਨਾ ਮੇਰਾ ਹੈ ਤੈਨੂੰ ਸੰਸਾਰ ਦਿਆਂ

ਜਾਂ ਤਾਂ ਅੰਦਰ ਜੋ ਧੁਖ਼ਦਾ ਉਹ ਜਗ ਉੱਠੇ
ਜਾਂ ਫਿਰ ਤੇਰੇ ਸੀਨੇ ਲੱਗਾਂ ਠਾਰ ਦਿਆਂ

ਤੂੰ ਤੇ ਮੈਂ ਦਾ ਜੋੜ ਹੈ 'ਆਪਾਂ' ਤਾਂ ਬਣਦਾ
'ਆਪਾਂ' ਅੱਗੇ ਜੇਕਰ ਮੈਂ ਨੂੰ ਹਾਰ ਦਿਆਂ

ਤੇਰੇ ਹਾਸੇ 'ਚੋਂ ਮੈਨੂੰ ਜੋ ਸੁਣਦਾ ਹੈ
ਉਸ ਤੋਂ ਅਪਣੇ ਕੁੱਲ ਬੋਲਾਂ ਨੂੰ ਵਾਰ ਦਿਆਂ

ਬਿੰਦੂ ਅੰਦਰ ਉਂਜ ਤਾਂ ਬ੍ਰਹਿਮੰਡ ਸਾਰਾ ਹੈ
ਸੀਮਤ ਦਾਇਰਾ ਬਣਦਾ ਜੇ ਵਿਸਥਾਰ ਦਿਆਂ

ਤੂੰ ਆਪੇ ਹੀ ਤਰ ਲੈਂਦਾ ਹੈਂ ਬੁਲਬੁਲਿਆ
ਮੈਂ ਸੋਚਾਂ ਕਿ ਤਲ 'ਤੇ ਤੁਪਕਾ ਤਾਰ ਦਿਆਂ

ਜੋ ਵੇਲੇ ਦੀ ਅੱਖ 'ਚ ਪਈਆਂ ਰੜਕਣ ਨਾ
ਓਹਨਾਂ ਅੱਖਾਂ ਅੰਦਰ ਲਿਸ਼ਕ ਉਤਾਰ ਦਿਆਂ

•

## ਪੈਰਾਂ ਹੇਠਾਂ ਧਰਤੀ ਡੋਲੀ

ਪੈਰਾਂ ਹੇਠਾਂ ਧਰਤੀ ਡੋਲੀ ਸਿਰ ’ਤੇ ਅੰਬਰ ਡੋਲ ਰਿਹਾ
ਮੇਰਾ ਚਿੱਤ ਨਾ ਡੋਲਣ ਦਿੱਤਾ ਤੂੰ ਜੋ ਮੇਰੇ ਕੋਲ ਰਿਹਾ

ਤੇਰੇ ਨਾਲ਼ ਇਕੱਲੇ ਬਹਿ ਕੇ ਰਾਤੀਂ ਗੱਲਾਂ ਕਰਦੇ ਰਹੇ
ਕਾਲ਼ੀ ਚਾਦਰ ਤਾਰਿਆਂ ਵਾਲੀ ਚੰਨ ਸਿਰ੍ਹਾਣਾ ਗੋਲ ਰਿਹਾ

ਆਪਣੇ ਹੱਥੋਂ ਹੀ ਹੋਇਆ ਹੈ ਉਸ ਦਾ ਬਚਣਾ ਮੁਸ਼ਕਿਲ ਹੁਣ
ਅੰਦਰ ਜਿਹੜਾ ਵਿੱਸ ਘੋਲ਼ਦਾ ਬਾਹਰੋਂ ਅੰਮ੍ਰਿਤ ਟੋਲ ਰਿਹਾ

ਅਪਣੀ ਮੈਂ ਦੇ ਅੱਗੇ ਉਸਦੀ ਅੱਜ ਕੱਲ੍ਹ ਬਹੁਤੀ ਚਲਦੀ ਨਾ
ਹਰ ਵੇਲੇ ਉਸਦੀ ਮੈਂ ਬੋਲੇ ਖ਼ੁਦ ਘੱਟ ਵੱਧ ਹੀ ਬੋਲ ਰਿਹਾ

ਜਿਉਂਦਾ ਰਹਿ ਓ ਜੀਣ ਜੋਗਿਆ ਧਰਤ ਬੰਦੇ ਨੂੰ ਕਿੰਜ ਕਹੇ
ਪੌਣਾਂ ਰੋਜ਼ ਪਲੀਤ ਕਰੇ ਜੋ ਜਲ ਵਿਚ ਜ਼ਹਿਰਾਂ ਘੋਲ ਰਿਹਾ

•

## ਤੁਹਾਨੂੰ ਪਿਆਰ ਕਰਦਾ ਹਾਂ

ਦਿਸ਼ਾ ਵੀ ਠੀਕ ਰੱਖਣ ਲਈ ਤੇ ਸੋਹਣੀ ਚਾਲ ਰੱਖਣ ਲਈ
ਤੁਹਾਨੂੰ ਪਿਆਰ ਕਰਦਾ ਹਾਂ ਮੈਂ ਅਪਣਾ ਖਿਆਲ ਰੱਖਣ ਲਈ

ਜਦੋਂ ਗੁੰਮ ਸੁੰਮ ਮੈਂ ਹੋ ਜਾਵਾਂ ਮੇਰੀ ਦੁਨੀਆ ਹੀ ਗੁੰਮ ਜਾਵੇ
ਤੁਹਾਡੇ ਨਾਲ਼ ਰਹਿੰਦਾ ਹਾਂ ਤੁਹਾਨੂੰ ਨਾਲ਼ ਰੱਖਣ ਲਈ

ਤੁਸਾਂ ਦੀ ਦੋਸਤੀ ਕਿਆ ਖ਼ੂਬ ਪਹਿਰੇਦਾਰ ਹੋਈ ਹੈ
ਦਵੇ ਸ਼ਿਸ਼ਕੇਰ ਜੋ ਪੀੜਾਂ ਗ਼ਮਾਂ ਨੂੰ ਟਾਲ਼ ਰੱਖਣ ਲਈ

ਬਹੁਤ ਕੁਝ ਭੇਟ ਕਰਨਾ ਅਰਪਨਾ ਵੰਡਣਾ ਜ਼ਰੂਰੀ ਹੈ
ਖ਼ਜਾਨਾ ਹਰ ਤਰ੍ਹਾਂ ਦਾ ਯਾਰੋ ਮਾਲਾ ਮਾਲ ਰੱਖਣ ਲਈ

ਸਲਾਮਤ ਰਹਿਣੀਆਂ ਪੈੜਾਂ ਇਨ੍ਹਾਂ ਪੈੜਾਂ 'ਤੇ ਤੁਰਿਆਂ ਹੀ
ਸਿਰ੍ਹਾਣੇ ਬੈਠ ਨਾ ਪੈੜਾਂ ਦੇ ਸਾਂਭ-ਸੰਭਾਲ਼ ਰੱਖਣ ਲਈ

•

## ਥੋੜ੍ਹੇ ਪਲ

ਥੋੜ੍ਹੇ ਪਲ ਹਾਸੇ ਵਿਚ ਗੁਜ਼ਰਨ ਥੋੜ੍ਹੇ ਨੱਚਣ ਗਾਉਣ 'ਚ ਗੁਜ਼ਰਨ
ਏਸ ਉਮਰ ਦੇ ਬਹੁਤੇ ਪਲ ਤਾਂ ਆਪਣਾ ਮਨ ਸਮਝਾਉਣ 'ਚ ਗੁਜ਼ਰਨ

ਹੱਸਣ ਅਤੇ ਹਸਾਉਣ ਤੋਂ ਚੰਗਾ ਦੁਨੀਆ ਵਿਚ ਕੀ ਹੋ ਸਕਦਾ ਹੈ
ਜਾਣਦਿਆਂ ਹੋਇਆਂ ਵੀ ਜੀਵਨ ਬਹੁਤੇ ਰੋਣ ਰਵਾਉਣ 'ਚ ਗੁਜ਼ਰਨ

ਸੁੱਖ ਲੈਣ ਲਈ ਦੁੱਖ ਦੇਣ ਦਾ ਵਣਜ ਕਦੀ ਵੀ ਫਲ ਸਕਦਾ ਨਾ
ਲੰਮਾ ਸੁੱਖ ਉਹੀ ਪਲ ਦਿੰਦੇ ਜਿਹੜੇ ਦੁੱਖ ਵੰਡਾਉਣ 'ਚ ਗੁਜ਼ਰਨ

ਸਰਵਣ ਪੇਖਣ ਥੋੜ੍ਹਾ ਥੋੜ੍ਹਾ ਦੋ ਦੋ ਕੰਨ ਤੇ ਅੱਖਾਂ ਹੁੰਦਿਆਂ
ਜੀਭਾ 'ਕੱਲੀ ਹੀ ਹੁੰਦੀ ਪਰ ਬਹੁਤੇ ਪਲ ਫ਼ੁਰਮਾਉਣ 'ਚ ਗੁਜ਼ਰਨ

ਵਿਰਲੇ ਟਾਵੇਂ ਲੇਖੇ ਲਗਦੇ ਉਂਜ ਤੇ ਆਪਣੇ ਸਾਰੇ ਹੀ ਸਾਹ
ਆਕਸੀਜਨ ਨੂੰ ਕਾਰਬਨ ਡਾਈਆਕਸਾਈਡ ਬਣਾਉਣ 'ਚ ਗੁਜ਼ਰਨ

•

## ਮਹਾਂਪੁਰਸ਼ ਤੇ ਕਲਯੁਗ ਪ੍ਰਾਣੀ

ਪਤਾ ਨਹੀਂ ਇਹ ਇਕੋ ਗੱਲ ਹੈ ਜਾਂ ਫਿਰ ਹੋਰ ਕਹਾਣੀ
ਤੂੰ ਜਿਸ ਨੂੰ ਨੇਤਰ ਜਲ ਕਹਿੰਨਾਂ ਮੈਂ ਅੱਖਾਂ ਦਾ ਪਾਣੀ

ਚਰਨ ਪਾਏ ਤੇਰੇ ਗ੍ਰਹਿ ਅੰਦਰ ਮੈਂ ਘਰ ਆ ਕੇ ਵੜਿਆ
ਤੇਰਾ ਹੈ ਪ੍ਰਸ਼ਾਦਾ ਛਕਣਾ ਸਾਡਾ ਰੋਟੀ ਖਾਣੀ

ਤੇਰੀ ਪਾਵਨ ਰਸਨਾ ਉਚਰੇ ਸਾਡੀ ਜੀਭ ਹੈ ਕਹਿੰਦੀ
ਤੂੰ ਤਾਂ ਮੁੱਖ ਤੋਂ ਬਚਨ ਉਚਾਰੇਂ ਮੈਂ ਬੋਲਾਂ ਮੂੰਹ ਥਾਣੀ

ਤੂੰ ਆਸਣ ’ਤੇ ਬਿਰਾਜਮਾਨ ਤੇ ਮੈਂ ਹਾਂ ਥਾਂ ਸਿਰ ਬੈਠਾ
ਨਿਰਮਲ ਵਸਤਰ ਤੇਰੇ ਸਾਡੇ ਧੋਤੇ ਲੀੜੇ ਜਾਣੀ

ਤੂੰ ਦਾਸਨ ਕਾ ਦਾਸ ਕਹਾਵੇਂ ਯਾਰ ਯਾਰਾਂ ਦੇ ਆਪਾਂ
ਤੇਰੇ ਨਾਲ਼ ਹੈ ਸੇਵਕ ਸੰਗਤ ਮੇਰੇ ਬੇਲੀ ਢਾਣੀ

ਤੂੰ ਭਾਈ ਕਰ ਕਮਲਾਂ ਵਾਲਾ ਸਾਡੇ ਹੱਥ ਸਧਾਰਨ
ਮਹਾਂਪੁਰਸ਼ ਕੀ ਰੀਸ ਨਾ ਕਰਤੇ ਹਮ ਕਲਯੁਗ ਕੇ ਪ੍ਰਾਣੀ

•

## ਜ਼ਹਿਰ ਦੇ ਵਣਜਾਰੇ

ਪੁੱਛੋ ਜ਼ਹਿਰ ਦੇ ਇਹਨਾਂ ਵਣਜਾਰਿਆਂ ਨੂੰ
ਕਿੱਥੇ ਵੇਚੋਗੇ ਮਾਰ ਕੇ ਸਾਰਿਆਂ ਨੂੰ

ਹਿੰਮਤ ਹਾਰਿਓ ਨਾ, ਜੇਕਰ ਜਿੱਤਣਾ ਏਂ
ਹੁੰਦੀ ਹਾਰ ਤਾਂ ਸਿਦਕ ਤੋਂ ਹਾਰਿਆਂ ਨੂੰ

ਉਹ ਤਾਂ ਰੋਜ਼ ਮਰਦਾ, ਜਿਹੜਾ ਰਹੇ ਡਰਦਾ
ਇੱਕ ਵਾਰ ਤਾਂ ਆਉਂਦੀ ਹੈ ਸਾਰਿਆਂ ਨੂੰ

ਸਿਰਜਣਹਾਰ ਤੇਰੇ, ਓਥੇ ਵਸਣ ਜਿਹੜੇ
ਮਹਿਲਾ ਘੂਰਦੈਂ ਕਾਸਤੋਂ ਢਾਰਿਆਂ ਨੂੰ

ਲੁੱਟੀ ਗਈ ਹਾਸੀ, ਹੋਏ ਚਾਅ ਬਾਸੀ
ਹਾਲ ਪੁੱਛ ਕੇ ਵੇਖ ਵਿਚਾਰਿਆਂ ਨੂੰ

ਜਿੱਥੇ ਪਾਪ ਪਲਦਾ, ਤੇ ਇਖ਼ਲਾਕ ਗਲ਼ਦਾ
ਭਲਾ ਫੂਕਣੈਂ ਉਹਨਾਂ ਚੁਬਾਰਿਆਂ ਨੂੰ

ਏਥੇ ਖ਼ੂਨ ਚਿੱਟਾ, ਏਥੇ ਜ਼ਹਿਰ ਮਿੱਠਾ
ਅੰਮ੍ਰਿਤ ਕੌੜਾ ਹੀ ਦਿਉ ਪਿਆਰਿਆਂ ਨੂੰ

•

## ਤਿਜ਼ਾਬੀ ਵਰਖਾ

ਅੱਜ ਤਿਜ਼ਾਬੀ ਵਰਖਾ ਹੋਈ ਅੱਗ ਦੀ ਬਦਲੀ ਛਾਈ ਏ
ਨੈਣਾਂ 'ਚੋਂ ਸੰਗੀਨਾਂ ਝਾਕਣ ਸਹਿਮਾਂ ਦੀ ਰੁੱਤ ਆਈ ਏ

ਧੂੰਏਂ ਦੇ ਵਿਚ ਸੂਰਜ ਘਿਰਿਆ ਨਾ ਧੁੱਪਾਂ ਨਾ ਛਾਂਵਾਂ ਨੇ
ਚਾਰ ਚੁਫੇਰੇ ਫੈਲੀ ਅੱਗ ਨੇ ਸਾਰੀ ਗੱਲ ਉਲਝਾਈ ਏ

ਸੜ ਚੁਕਿਆ ਏ ਪਰਦਾ ਉਸਦਾ ਚਿਹਰਾ ਵੀ ਏ ਝੁਲਸ ਗਿਆ
ਵੇਖੋ ਯਾਰੋ ਸਭ ਤੋਂ ਪਹਿਲਾਂ ਤੀਲੀ ਕਿਸ ਨੇ ਲਾਈ ਏ

ਦੂਰ ਕਿਸੇ ਦੇ ਅੱਗ ਜੁ ਲੱਗੀ ਜਾਪੀ ਵਾਂਗ ਦਿਵਾਲੀ ਦੇ
ਆਪਣੇ ਘਰ ਜਦ ਸੇਕ ਅੱਪੜਿਆ ਮਚ'ਗੀ ਹਾਲ ਦੁਹਾਈ ਏ

ਏਧਰ ਕਾਤਲ ਓਧਰ ਕਾਤਲ, ਕਾਤਲ ਪਰਲੇ ਦਰਜੇ ਦੇ
ਮਮਤਾ ਇਨ੍ਹਾਂ ਜ਼ਮੀਰ ਉਨ੍ਹਾਂ ਨੇ ਆਪਣੀ ਮਾਰ ਮੁਕਾਈ ਏ

ਵਿਸੀਅਰ ਨਾਗਾਂ ਨੇ ਹਨ ਡੰਗੀਆਂ ਪੌਣਾਂ ਮੇਰੇ ਸ਼ਹਿਰ ਦੀਆਂ
ਰੰਗ-ਬਰੰਗੇ ਮਾਂਦਰੀਆਂ ਹਰ ਚੌਂਕ 'ਚ ਮੰਜੀ ਲਾਈ ਏ

ਨਰਮ ਕੂਲ਼ੀਆਂ ਬਾਹਵਾਂ ਉਤਲਾ ਚੂੜਾ ਜਾਪੇ ਤਿੜਕ ਰਿਹਾ
ਵਸਦੇ-ਰਸਦੇ ਘਰ ਵਿਚ ਕਿੱਥੋਂ ਮੌਤ ਪ੍ਰਾਹੁਣੀ ਆਈ ਏ

•

## ਵਕਤ-ਕਚਹਿਰੀ ਫ਼ੈਸਲਾ

ਜਦੋਂ ਫ਼ੈਸਲਾ ਵਕਤ-ਕਚਹਿਰੀ ਕਤਲ ਮੇਰੇ ਦਾ ਹੋਏਗਾ
ਕਬਰ ਮੇਰੀ ਤੇ ਆ ਕੇ ਮੇਰਾ, ਭੋਲਾ ਕਾਤਲ ਰੋਏਗਾ

ਕਿਸ ਮੋਏ ਦਾ ਕੀ ਰੁਤਬਾ ਹੈ, ਇਹ ਤਾਂ ਵਕਤ ਹੀ ਦੱਸੇਗਾ
ਆਪੋ-ਆਪਣਾ ਦਾਅਵਾ ਛੱਡੋ, ਵਕਤ ਨਾ ਸੱਚ ਲਕੋਏਗਾ

ਮੈਂ ਤਾਂ ਲਭਦਾ ਫਿਰਦਾਂ ਚਾਨਣ, ਸੂਰਜ ਮੈਨੂੰ ਕਹਿੰਦਾ ਏਂ
ਜਾਂ ਇਹ ਮੋਹ ਹੈ ਜਾਂ ਫਿਰ ਧੋਖਾ, ਨਜ਼ਰ ਤੇਰੀ ਦਾ ਹੋਏਗਾ

ਆਤਿਸ਼, ਖ਼ੰਜਰ ਤੇ ਖੁਸ਼ਬੋਈ, ਤਾਰੇ ਅਤੇ ਸਮੁੰਦਰ ਵੀ
ਹੌਲ਼ੀ-ਹੌਲ਼ੀ ਮੇਰੇ ਅੰਦਰ, ਸਾਰਾ ਕੁਝ ਸਮੋਏਗਾ

ਅੱਗਿਓਂ ਪਰਬਤ ਰੋਕੇਗਾ ਤੇ ਪਿਛਿਓਂ ਬੁਲਬੁਲ ਸੱਦੇਗੀ
ਪੈਰ ਵੀ ਭਾਵੇਂ ਜ਼ਖਮੀਂ ਰਾਹੀਂ ਫਿਰ ਵੀ ਨਹੀਂ ਖਲੋਏਗਾ

ਮਹਿਫ਼ਲ ਦੇ ਅੰਦਰ ਉਸ ਵੇਲੇ, ਲੰਮੀ ਚੁਪ ਛਾ ਜਾਏਗੀ
ਜਦੋਂ ਕਦੀ ਵੀ ਭੁੱਲ ਭੁਲੇਖੇ, ਜ਼ਿਕਰ ਅਸਾਡਾ ਹੋਏਗਾ

•

## ਸਹਿਮ ਸਮੁੰਦਰ

ਸਹਿਮ ਸਮੁੰਦਰ ਦੇ ਪਾਣੀ 'ਚੋਂ ਜਿਹੜਾ ਧੌਣ ਉਠਾਏਗਾ
ਦੇਖੋ ਪੜ੍ਹ ਲਉ ਧਮਕੀ ਪੱਤਰ ਅਪਣਾ ਆਪ ਗਵਾਏਗਾ

ਬੀਬਾ ਹਰਿਆ ਭਰਿਆ ਰਹਿ ਤੂੰ ਕਦ ਤੱਕ ਆਖੀ ਜਾਓਗੇ
ਟੁੱਟ ਗਿਆ ਜੋ ਧਰਤੀ ਨਾਲੋਂ ਰੁੱਖ ਆਖਰ ਸੁਕ ਜਾਏਗਾ

ਤੇਰੇ ਮਗਰੋਂ ਤੇਰੇ ਵਾਂਗੂੰ, ਏਥੇ ਮੌਸਮ ਬਦਲਦਿਆਂ
ਤੇਰੀ ਕਬਰ ਸਿਰ੍ਹਾਣੇ ਉੱਗਾ ਫੁੱਲ ਵੀ ਰੰਗ ਵਟਾਏਗਾ

ਭੂਤ ਭਵਿੱਖ ਵਿਚਾਲੇ ਜਿਹੜਾ ਹਰ ਪਲ ਤਣਿਆਂ ਰਹਿੰਦਾ ਏ
ਟੁੱਟਣ ਟੁੱਟਣ ਕਰਦਾ ਕਰਦਾ ਵਰਤਮਾਨ ਟੁੱਟ ਜਾਏਗਾ

ਕਰਦਾ ਹੈ ਜੋ ਦਾਅਵਾ ਜੱਗ ਦਾ ਦਰਦ ਸਮੁੰਦਰ ਪੀਣੇ ਦਾ
ਚੂਲ੍ਹੀ ਭਰ ਨਿਜ-ਗ਼ਮ ਦੇ ਅੰਦਰ ਇਕ ਦਿਨ ਗੋਤੇ ਖਾਏਗਾ

ਗ਼ਮ ਦੀ ਮੂਰਤ ਬਣ ਬੈਠੇਗਾ ਆਪਣੇ ਹੰਝੂ ਡੋਲ੍ਹ ਲਊ
ਸਾਡੀ ਮਨ ਵੀਣਾ ਦੀਆਂ ਤਾਰਾਂ ਜਿਹੜਾ ਵੀ ਟੁਣਕਾਏਗਾ

•

## ਤੁਰਦਾ ਮੇਰੇ ਨਾਲ ਜੇ

ਤੁਰਦਾ ਮੇਰੇ ਨਾਲ ਜੇ ਕਮਲ਼ਾ ਮੇਰੇ ਨਾਲ਼ ਦਾ
ਇੰਜ ਕਾਇਰਾਂ ਦੇ ਵਾਂਗ ਮੈਂ ਰੋਜ਼ ਮੌਤ ਨਾ ਟਾਲ਼ਦਾ

ਧੌਣ ਵੀ ਆਪਣੀ ਤੇਗ਼ ਵੀ, ਜ਼ਾਲਮ ਹੱਥ ਵੀ ਆਪਣੇ
ਜੀਭਾ ਸੁੱਖਾਂ ਮੰਗਦੀ ਲੇਖਾ ਸਾਡੇ ਹਾਲ ਦਾ

ਕਿਰਿਆ ਹਾਲੇ ਮੈਂ ਨਹੀਂ ਛੱਡਿਆ ਤੇਰਾ ਮੋਹ ਨਹੀਂ
ਪਤਝੜ ਰੁੱਤੇ ਆਖਦਾ 'ਕੱਲਾ ਪੱਤਰ ਡਾਲ਼ ਦਾ

ਬੜੀ ਹੀ ਤਿੱਖੀ ਧਾਰ ਸੀ ਲਫ਼ਜ਼ਾਂ ਦੀ ਤਲਵਾਰ ਦੀ
ਬਚਿਆ ਜ਼ਖ਼ਮੀ ਹੋਣ ਤੋਂ ਸਦਕਾ ਚੁਪ ਦੀ ਢਾਲ਼ ਦਾ

ਖੌਰੂ ਪਾਉਂਦੀ ਚੁੱਪ ਸੀ ਤੇ ਜਾਂ ਗੂੰਗੇ ਬੋਲ ਸਨ
ਤੈਨੂੰ ਸਾਨੂੰ ਜੋੜਦਾ ਪੁਲ਼ ਸੀ ਬਹੁਤ ਕਮਾਲ ਦਾ

ਚੜ੍ਹਿਆ ਚੜ੍ਹਨੇ ਬਾਅਦ ਹੀ ਝੱਟ ਅਗੇਤਾ ਲਹਿ ਗਿਆ
ਰੂਪ ਤੇਰਾ ਸੀ ਇਸ ਤਰ੍ਹਾਂ ਦਿਨ ਕੋਈ ਜਿਵੇਂ ਸਿਆਲ਼ ਦਾ

ਖਾਲੀਪਨ ਹੀ ਸਿਰਜਦਾ ਤੇ ਖਾਲੀਪਨ ਹੀ ਆਪ ਹੈ
ਮਨ ਬਾਹਰੋਂ ਕੁਝ ਟੋਲ਼ਦਾ ਅੰਦਰੋਂ ਵੀ ਕੁਝ ਭਾਲ਼ਦਾ

•

## ਅਪਣੀ ਸ਼ਾਇਰੀ ਲਾਗੇ

ਆਪ ਹੀ ਅਪਣੀ ਸ਼ਾਇਰੀ ਲਾਗੇ ਖੜ੍ਹਦਾ ਨਈਂ
ਤੇ ਕਹਿੰਦਾ ਕਿ ਕੋਈ ਸਾਨੂੰ ਪੜ੍ਹਦਾ ਨਈਂ

ਬਾਰੀ ਖੋਲ੍ਹੀਂ ਜੇ ਤੱਕਣਾ ਮੁੱਖ ਸੂਰਜ ਦਾ
ਸੂਰਜ ਬੀਬਾ ਕਮਰੇ ਅੰਦਰੋਂ ਚੜ੍ਹਦਾ ਨਈਂ

ਓਸੇ ਰੁੱਖ ਨੂੰ ਹੱਕ ਹੈ ਕਿ ਇਤਿਹਾਸ ਲਿਖੇ
ਹੜ੍ਹ ਦੇ ਪਾਣੀ ਮੂਹਰੇ ਜਿਹੜਾ ਹੜ੍ਹਦਾ ਨਈਂ

ਲੋਅ ਵੱਲ ਨੂੰ ਮੂੰਹ ਕਰਕੇ ਜਿਹੜਾ ਤੁਰਿਆ ਹੈ
ਮੱਲ ਕੇ ਉਸ ਦਾ ਰਾਹ ਪਰਛਾਵਾਂ ਖੜ੍ਹਦਾ ਨਈਂ

ਘਰ ਦੇ ਉਹਨੂੰ ਸਮਝਣ ਪਾਗਲ ਬੁੱਧੂ ਹੀ
ਰੌਲਾ ਸੁਣ ਕੇ ਜਿਹੜਾ ਅੰਦਰ ਵੜਦਾ ਨਈਂ

ਤਦ ਤੀਕਰ ਮਨ ਇਸ ਦਾ ਠੰਢਾ ਹੁੰਦਾ ਨਾ
ਜਦ ਤੱਕ ਬੰਦਾ ਸਿਵਿਆਂ ਦੇ ਵਿਚ ਸੜਦਾ ਨਈਂ

•

## ਪਹਿਲਾਂ ਆਪ ਜ਼ਮਾਨਾ

ਪਹਿਲਾਂ ਆਪ ਜ਼ਮਾਨਾ ਹੱਥੀਂ ਮੇਟੇ ਚੰਨ ਸਿਤਾਰੇ
ਮਗਰੋਂ ਕਰਕੇ ਲੰਮੀਆਂ ਬਾਹਵਾਂ ਲੋਅ ਲੋਅ ਪਿਆ ਪੁਕਾਰੇ

ਨਾ ਸੋਨੇ ਦੀ ਡਾਲੀ ਉੱਤੇ ਖਿੜਦੇ ਫੁੱਲ ਗੁਲਾਬੀ
ਨਾ ਚਾਂਦੀ ਦੇ ਵਰਕਾਂ ਵਿੱਚੋਂ ਦਿਲਬਰ ਦਏ ਦੀਦਾਰੇ

ਤੇਰੇ ਨੈਣੋਂ ਹਾਲੇ ਤੱਕ ਨਾ ਮੋਹ ਦੀ ਧਾਰਾ ਫੁੱਟੀ
ਲੋਚ ਰਹੇ ਹਾਂ ਇਕ ਅਰਸੇ ਤੋਂ ਜਿਸਨੂੰ ਔੜਾਂ ਮਾਰੇ

ਲਗਦਾ ਉਹ ਤਾਂ ਡੁੱਬ ਕੇ ਹੋਣਾ ਮਰਿਆ ਖਪਿਆ ਚਿਰ ਦਾ
ਆਸ ਲਗਾਈ ਬੈਠੇ ਜਿਸ ਤੇ ਬੇੜੀ ਸਾਡੀ ਤਾਰੇ

ਬੁਲਬੁਲ ਤੇ ਵੰਝਲੀ ਦੇ ਹਿੱਸੇ ਆਈ ਘੋਰ ਉਦਾਸੀ
ਕਾਂਵਾਂ ਦੀ ਏ ਕਾਂਵਾਂ-ਰੌਲੀ ਕੰਨ ਚੀਰਵੇਂ ਨ੍ਹਾਰੇ

ਜੰਗਲੀ ਕੰਡਿਆਂ ਨੇ ਜਿਹਨਾਂ ਦੇ ਤਨ ਤੋਂ ਲੀੜੇ ਲਾਹੇ
ਆਪੋ-ਅਪਣੇ ਘਰ ਨੂੰ ਕਿੱਦਾਂ ਨੰਗੇ ਆਉਣ ਵਿਚਾਰੇ

ਖ਼ੌਫ਼ ਦੀ ਚਾਰ-ਦਿਵਾਰੀ ਅੰਦਰ ਦੜੇ ਹੋਏ ਹਾਂ ਬੈਠੇ
ਰੰਗਾਂ ਦੇ ਪਰ ਸੁਪਨੇ ਲੈਣੋਂ ਰੋਕੇ ਕੌਣ ਪਿਆਰੇ

•

## ਆਖਣ ਨੂੰ ਉਹ ਚੰਦ ਨਹੀਂ

ਆਖਣ ਨੂੰ ਉਹ ਚੰਦ ਨਹੀਂ ਸੀ ਨਾ ਸੂਰਜ ਨਾ ਤਾਰਾ ਸੀ
ਬੁੱਕਲ ਵਿੱਚ ਲਕੋਈ ਫਿਰਦਾ ਐਪਰ ਅੰਬਰ ਸਾਰਾ ਸੀ

ਦਿਲ ਦੀ ਤੜਫਣ ਮਨ ਦੀ ਭਟਕਣ ਏਧਰ ਓਧਰ ਭੌਂਦਾ ਸੀ
ਸ਼ੀਸ਼ੀ ਵਿੱਚੋਂ ਕਾਗਜ਼ ਉੱਤੇ ਜੀਕਣ ਡੁੱਲ੍ਹਿਆ ਪਾਰਾ ਸੀ

ਮਨ ਦੀ ਰਣ-ਭੂਮੀ ਤੇ ਹਰ ਦਿਨ ਫੌਜਾਂ ਆਈਆਂ ਚੜ੍ਹ ਚੜ੍ਹ ਕੇ
ਜੱਗ ਨੂੰ ਭਾਵੇਂ ਕਦੇ ਨਾ ਸੁਣਿਆ ਕੋਈ ਸੰਖ ਨਗਾਰਾ ਸੀ

ਨਾ ਤਾਂ ਲਏ ਭੰਬੀਰੀ ਬਾਜਾ ਨਾ ਚੜ੍ਹਿਆ ਚੰਡੋਲਾਂ ਤੇ
ਮੇਲੇ ਵਿਚ ਗੁਆਚਾ ਫਿਰਦਾ ਉਹ ਤਾਂ ਬਾਲ ਬੇਚਾਰਾ ਸੀ

ਪੱਤਾ-ਪੱਤਾ ਭੁੰਜੇ ਡਿੱਗਾ ਯਾਰੀ ਵਾਲੇ ਬੂਟੇ ਦਾ
ਸੁੰਨੀਆਂ ਡਾਲਾਂ ਕੰਬਣ ਲੱਗੀਆਂ ਲੂਆਂ ਦਾ ਫੁੰਕਾਰਾ ਸੀ

•

## ਸਿਆਣੇ ਬੰਦੇ

ਉਹ ਨਹੀਂ ਸ਼ਾਇਰ ਕੋਈ ਬੰਦੇ ਸਿਆਣੇ ਹੋਣਗੇ
ਰੋਣਾ ਬਣਦਾ ਕਿ ਨਾ ਬਣਦਾ ਸੋਚ ਕੇ ਜੋ ਰੋਣਗੇ

ਕੀ ਪਤਾ ਸੀ ਦੋਸਤਾਂ ਦਾ ਸ਼ੌਕ ਹੋਊ ਇਸ ਕਦਰ
ਮਾਰ ਝਾੜੂ ਸੜਕ ਉੱਤੇ ਘਰ ਨੂੰ ਕੂੜਾ ਢੋਣਗੇ

ਜੋ ਸਜਾ ਕੇ ਮੁਸਕਣੀ ਆਏ ਸੀ ਸਾਡੇ ਸਾਹਮਣੇ
ਅਪਣੇ ਸਨਮੁਖ ਹੋਣਗੇ ਤਾਂ 'ਕੱਲੇ ਬਹਿ ਕੇ ਰੋਣਗੇ

ਮੂੰਹ ਕਾਲਾ ਕਿਸੇ ਦਾ ਵੀ ਕਰਨ ਤੋਂ ਪਹਿਲਾਂ ਜ਼ਰੂਰ
ਜਾਣ ਲਈਂ ਕਿ ਆਪਣੇ ਵੀ ਹੱਥ ਕਾਲੇ ਹੋਣਗੇ

ਇਕ ਨੂੰ ਦਿਸਦਾ ਹੈ ਰਾਤੀਂ ਦੂਜਾ ਦਿਸਦਾ ਰਾਤ ਨੂੰ
ਦਿਨ ਚੜ੍ਹੇ ਉੱਲੂ ਤੇ ਜੁਗਨੂੰ ਦੋਨੋਂ ਬਹਿ ਕੇ ਰੋਣਗੇ

ਯਾਰ ਮੇਰਾ ਹਾਲ ਪੁੱਛਣ ਆਏ ਤਾਂ ਹੋਣੇ ਜ਼ਰੂਰ
ਉਮਰ ਦੀ ਰੇਖਾ ਤਲੀ ਤੇ ਦੇਖ ਮੁੜ ਗਏ ਹੋਣਗੇ

•

## ਵਿਹਾਰ

ਹੋਰਾਂ ਨਾਲ ਵਿਹਾਰ ਕਰੋ
ਪੈਸੇ ਨਾਲ ਪਿਆਰ ਕਰੋ

ਧਰਮਾਂ ਦਾ ਪਰਚਾਰ ਕਰੋ
ਨਫ਼ਰਤ ਦਾ ਸੰਚਾਰ ਕਰੋ

ਜੋ ਕਰਨਾ ਹੈ ਯਾਰ ਕਰੋ
ਸਾਡੀ ਬੇੜੀ ਪਾਰ ਕਰੋ

ਕਿਧਰੇ ਅੱਗੇ ਲੰਘਣ ਨਾ
ਮਿਤਰਾਂ ਨੂੰ ਮੂੰਹ ਭਾਰ ਕਰੋ

ਬੀਬੇ-ਰਾਣੇ ਬਣ ਮਿਲਣਾ
ਮਗਰੋਂ ਭਾਵੇਂ ਵਾਰ ਕਰੋ

ਜਿੱਥੇ ਹੋਵੇ ਅਪਣਾ ਗੌਂ
ਉੱਥੇ 'ਜੀ ਸਰਕਾਰ' ਕਰੋ

ਹਰ ਹੱਟੀ ਤੇ ਲਿਖਿਆ ਹੈ
ਪਿਉ ਦਾ ਨਾ ਇਤਬਾਰ ਕਰੋ

•

## ਸੱਤ-ਬਿਗਾਨਿਆਂ ਨੂੰ

ਇਕ ਦਿਨ ਸੱਤ-ਬਿਗਾਨਿਆਂ ਨੂੰ ਗਿਣਦੇ ਸਾਂ ਆਪਣੇ
ਤੇ ਹੁਣ ਅਪਣਾ-ਆਪ ਵੀ ਲਗਦਾ ਅਪਣਾ-ਆਪ ਨਾ

ਕਾਲੀ-ਕਾਲੀ ਧੁੱਪ ਹੈ ਝੁਲਸੀ-ਝੁਲਸੀ ਛੌਰ ਹੈ
ਸਾਰਾ ਜੰਗਲ ਹੂੰਘਦਾ ਕਿਹੜੇ ਰੁੱਖ ਨੂੰ ਤਾਪ ਨਾ

ਗਿਣਦੇ, ਮਿਣਦੇ, ਤੋਲਦੇ ਬਣਕੇ ਗੀਤ ਜੋ ਤੁਰ ਗਈ
ਪਰ ਜਿਹੜੀ ਹੈ ਅਣਕਹੀ ਉਸ ਪੀੜਾ ਦਾ ਨਾਪ ਨਾ

ਸੁੱਕੇ ਹੰਝੂਆਂ ਦੀ ਨਦੀ ਲਾਸ਼ ਤਰੇਂਦੀ ਖ਼ਾਬ ਦੀ
ਕੌਣ ਕਹੇਗਾ ਹਾਦਸਾ ਚੁੱਪ ਦਾ ਨਾਂ ਵਿਰਲਾਪ ਨਾ

•

## ਧਰਤੀ ਅੰਬਰ

ਨਾ ਤੇਰੇ ਤੋਂ ਧਰਤੀ ਬਣਕੇ ਅਪਣਾ ਆਪ ਵਿਛਾ ਹੋਇਆ
ਨਾ ਮੇਰੇ ਤੋਂ ਅੰਬਰ ਵਾਂਗੂੰ ਧਰਤੀ ਉੱਤੇ ਛਾ ਹੋਇਆ

ਆਪੋ ਅਪਣੇ ਦਿਲ ਦਾ ਭੇਤ ਨਾ ਸਾਂਝਾ ਭੇਤ ਬਣਾ ਹੋਇਆ
ਵਖਰੀ ਗੱਲ ਕਿ ਨੈਣਾਂ ਤੋਂ ਨਾ ਸਾਰਾ ਭੇਤ ਛੁਪਾ ਹੋਇਆ

ਤੂੰ ਤਾਂ ਜਾਮ ਖ਼ੂਬ ਛਲਕਾਏ ਅਸੀਂ ਪਿਆਸੇ ਮਰਦੇ ਸਾਂ
ਬੇਬਸ ਹੋਠਾਂ ਕੋਲੋਂ ਹੀ ਨਾ ਵਿਚਲਾ ਪੰਧ ਮੁਕਾ ਹੋਇਆ

ਆਪਾਂ ਆਉਂਦੀ ਜਾਂਦੀ 'ਵਾ ਦੇ ਹੱਥ ਸੁਨੇਹੇ ਘਲਦੇ ਰਹੇ
ਇਕ ਦੂਏ ਦੇ ਨਾਂ ਦਾ ਕੋਈ ਖਤ ਨਾ ਐਪਰ ਪਾ ਹੋਇਆ

ਚੰਨ ਦਾ ਪਿੰਡਾ ਸੂਲ਼ਾਂ ਵਿੰਨਿਆਂ ਤਾਰੇ ਡਰਦੇ ਘਰੀਂ ਗਏ
ਦੀਵਟ ਉੱਤੋਂ ਬੁਝਿਆ ਦੀਵਾ ਤੇਲ ਨਾ ਤੈਥੋਂ ਪਾ ਹੋਇਆ

•

## ਚਾਨਣ ਦੇ ਸ਼ੀਸ਼ੇ ਵਿਚ (ਕਲੀ ਛੰਦ)

ਚਾਨਣ ਦੇ ਸ਼ੀਸ਼ੇ ਵਿਚ ਤੱਕ ਨ੍ਹੇਰੇ ਦਾ ਸਾਇਆ
ਸ਼ਾਮਾਂ ਨੂੰ ਦਿਨ ਰੋਵੇ ਰਾਤੀਂ ਮਸਾਂ ਵਰਾਇਆ

ਜਦ ਮੈਂ ਅਚਨਚੇਤ ਹੀ ਖੋਲ੍ਹੇ ਬੂਹੇ ਨੈਣਾਂ ਦੇ
ਪੋਲੇ ਪੈਰੀਂ ਓਹੋ ਦਿਲ ਵਿਚ ਉੱਤਰ ਆਇਆ

ਰਾਹੀਆ ਲੰਘ ਗਿਆ ਤੂੰ ਤੱਕਦਾ ਵੱਲ ਅਸਮਾਨਾਂ ਦੇ
ਤੇਰੇ ਰਾਹਾਂ ਵਿਚ ਮੈਂ ਅਪਣਾ-ਆਪ ਵਿਛਾਇਆ

ਉੱਠੀਆਂ ਉੱਚੀਆਂ-ਉੱਚੀਆਂ ਲਾਟਾਂ ਉਪਰੋਂ ਝੀਲ ਦੇ
ਜਦ ਵੀ ਕੋਲੇ ਆਇਆ ਰਮਤਾ ਕੋਈ ਤਿਹਾਇਆ

ਜੋ ਕੁਝ ਮਿਲਿਆ ਸਾਨੂੰ ਉਹ ਤਾਂ ਕਹੀਏ ਮਿਲਣਾ ਸੀ
ਜੋ ਨਾ ਮਿਲਿਆ ਉਸ ਦਾ ਡਾਢਾ ਝੋਰਾ ਲਾਇਆ

ਇਕ ਪਲ ਕੁਝ ਨਾ ਪੱਲੇ ਇਕ ਪਲ ਸਾਰੀ ਦੁਨੀਆ ਹੀ
ਲੁੱਕਣ ਮੀਟੀ ਮਨ ਕਮਲੇ ਨੂੰ ਖੇਡਣ ਲਾਇਆ

ਟਪ ਚੁੱਕੀਆਂ ਨੇ ਲੋੜਾਂ ਖ਼ਤਰੇ ਦਿਆਂ ਨਿਸ਼ਾਨਾਂ ਨੂੰ
ਬੰਨ੍ਹ ਹੈ ਟੁੱਟਣ ਤੇ ਈਮਾਨ ਮੇਰੇ ਦਾ ਆਇਆ

ਦੁਨੀਆ ਦਾ ਰੰਗ ਬਦਲ ਸਕੇ ਨਾ ਸਾਰੀ ਉਮਰਾ ਹੀ
ਆਖ਼ਰ ਤੇ ਰੰਗ ਆਪਣੀ ਐਨਕ ਦਾ ਬਦਲਾਇਆ

ਪੁਟਦੇ-ਪੁਟਦੇ ਸੀ ਜਦ ਜੜ੍ਹ ਤਕ ਪਹੁੰਚੇ ਮਸਲੇ ਦੀ
ਤੱਕਿਆ ਓਥੇ ਸੀ ਇਖ਼ਲਾਕ ਪਿਆ ਦਫ਼ਨਾਇਆ

ਸਾਡੇ ਵਿਹੜੇ ਦੇ ਵਿਚ ਚੂਹੇ ਖੁੱਡਾਂ ਪੁੱਟ ਗਏ
ਉੱਥੇ ਕਾਲੇ ਨਾਗਾਂ ਡੇਰਾ ਆਣ ਜਮਾਇਆ

ਰੰਡੀ ਹੋ ਗਈ ਜੱਟੀ ਸਾਹਿਬਾਂ ਹੱਥੋਂ ਭਾਈਆਂ ਦੇ
ਭਾਈਆਂ ਨੇ ਹੀ ਭਾਈ ਧੀਦੋ ਰੜੇ ਬਿਠਾਇਆ

ਸ਼ਾਇਰਾ ਮੁੜ-ਮੁੜ ਕੇ ਨਾ ਆਪਣੀ ਦਰਦ ਕਹਾਣੀ ਪਾ
ਰੋਣੇ ਜੋਗਾ ਤਾਂ ਗ਼ਮ ਸਭ ਦੇ ਹਿੱਸੇ ਆਇਆ

•

## ਜ਼ਿਕਰ ਸਾਡਾ

ਜ਼ਿਕਰ ਸਾਡਾ ਉਂਜ ਤਾਂ ਅਕਸਰ ਨੇ ਉਹ ਕਰਦੇ ਰਹੇ
ਛਿੜਨ ਤੋਂ ਸਾਂਝੀ ਕਹਾਣੀ ਖ਼ਬਰੇ ਕਿਉਂ ਡਰਦੇ ਰਹੇ

ਜੱਗ ਦੇ ਵਿਚ ਮਰਨ ਦੇ ਤਾਂ ਸਨ ਤਰੀਕੇ ਹੋਰ ਵੀ
ਇਹ ਤਾਂ ਸਾਡਾ ਬਚਪਨਾ ਮੁਸਕਾਣ ਤੇ ਮਰਦੇ ਰਹੇ

ਧੂੜ ਜੰਮੀ ਵਕਤ ਦੀ ਕਿ ਬੇ-ਪਛਾਣਾ ਹੋ ਗਿਆ
ਜਿਹੜਾ ਮੁੱਖ ਉਲੀਕਦੇ ਤੇ ਰੰਗ ਸਾਂ ਭਰਦੇ ਰਹੇ

ਸਾਡੇ ਨਾਂ ਨੂੰ ਉਸ ਦਿਆਂ ਹੋਠਾਂ ਜਦੋਂ ਵੀ ਚੁੰਮਿਆਂ
ਕੰਨ ਸਾਡੇ ਸੁਣਨ ਖ਼ਾਤਰ ਨਿੱਤ ਜ਼ਿਦ ਕਰਦੇ ਰਹੇ

ਅੰਦਰੋ-ਅੰਦਰ ਤਾਂ ਸੀ ਡੂੰਘੀ ਦਿਲਾਂ ਦੀ ਨੇੜਤਾ
ਪਰ ਨਿਗਾਹਾਂ ਦੇ ਵਿਚਾਲੇ ਸੰਗ ਦੇ ਪਰਦੇ ਰਹੇ

ਉਸ ਦੇ ਘਰ ਤੋਂ ਪੌਣ ਠੰਡੀ ਜਦ ਵੀ ਆਈ ਰਾਤ ਨੂੰ
ਬੈਠ ਕੇ ਕੋਠੇ ’ਤੇ ’ਕੱਲੇ ਰਾਤ ਭਰ ਠਰਦੇ ਰਹੇ

•

## ਅੰਮੜੀ ਬਾਬਲ

ਹਉਕੇ ਵਿੰਨ੍ਹੀ ਅੰਮੜੀ ਤੇ ਬਾਬਲ ਲਾਚਾਰ ਸੀ
ਛਾਇਆ ਨਿੱਕੇ ਹੁੰਦਿਆਂ ਗ਼ਮ ਦਾ ਕੋਈ ਗ਼ੁਬਾਰ ਸੀ

ਹੱਥ ਤਾਂ ਮੰਗਦੀ ਗਰਜ਼ ਸੀ ਸੀਸ ਤਾਂ ਮੰਗਦਾ ਫ਼ਰਜ਼ ਸੀ
ਤੇ ਬਾਕੀ ਜੋ ਬਚ ਰਿਹਾਂ ਮੰਗਦੀ ਕੋਈ ਨਾਰ ਸੀ

ਮੁੜ-ਮੁੜ ਪਿੱਛੇ ਦੇਖਦੇ ਠੇਡੇ ਖਾ-ਖਾ ਰੋਂਵਦੇ
ਟੇਢੀ ਮੇਢੀ ਵਾਟ ਸੀ ਸਿਰ ਯਾਦਾਂ ਦਾ ਭਾਰ ਸੀ

ਸੋਚ ਸੋਚ ਕੇ ਅੰਤ ਉਹ ਪਹੁੰਚਿਆ ਏਸੇ ਸੋਚ ਤੇ
ਜੋ ਕੁਝ ਵੀ ਸੀ ਸੋਚਦਾ ਉਹ ਸੋਚਣ ਬੇਕਾਰ ਸੀ

ਰਹਿੰਦੀ ਗੰਧਲੀ ਝੀਲ ਵਿਚ ਮਛਲੀ ਸੋਨੇ ਰੰਗ ਦੀ
ਤੱਕਿਆ ਅਪਣਾ ਅਕਸ ਤਾਂ ਰੋਈ ਜ਼ਾਰੋ-ਜ਼ਾਰ ਸੀ

ਪੁੰਨ ਕੀ ਹੈ ਤੇ ਪਾਪ ਕੀ ਝੂਠ ਕੀ ਹੈ ਤੇ ਸੱਚ ਕੀ
ਵਿਚ ਵਿਚਾਲੇ ਹਿੱਲਦੀ ਫੈਸਲਿਆਂ ਦੀ ਤਾਰ ਸੀ

•

## ਅਰਘ

ਤੈਨੂੰ ਜ਼ਿੰਦਗੀ ਦੀ ਅਰਘ ਚੜ੍ਹਾਵਾਂ
ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ

ਨੈਣ ਖੋਹਲਾਂ ਤੂੰ ਨਾ ਦਿਸੇਂ ਨੈਣ ਲਵਾਂ ਮੁੰਦ ਵੇ।
ਨੈਣਾਂ ਵਿੱਚ ਅੱਜ-ਕੱਲ ਛਾਈ ਰਹਿੰਦੀ ਧੁੰਦ ਵੇ।
ਕਦੋਂ ਚਾਨਣੀ ਦਾ ਕਜਲਾ ਮੈਂ ਪਾਵਾਂ-
ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ

ਚਾਂਦੀ ਦਾ ਲਿਬਾਸ ਤੇ ਸਵਾਰੀ ਤੇਰੀ ਪੌਣ ਤੇ।
ਸਾਡੀ ਜਿੰਦ ਧਰੀ ਜਾਪੇ ਕੀੜਿਆਂ ਦੇ ਭੌਣ ਤੇ।
ਪੀਰਾਂ ਮਾਰੀ ਦੀਆਂ ਮੰਨ ਲੈ ਦੁਆਵਾਂ-
ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ

ਤੇਰੀ ਦੀਦ ਵਾਲੀ ਸਾਨੂੰ ਕਿੰਨੀ ਏ ਪਿਆਸ ਵੇ।
ਤਾਰਿਆਂ 'ਚ ਵਸਦੇ ਨੂੰ ਰਤਾ ਨਾ ਕਿਆਸ ਵੇ।
ਰੱਬ ਦਿੱਤੀਆਂ ਨੇ ਬਿਰਹੋਂ ਸਜ਼ਾਵਾਂ-
ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ

ਦਿਲ 'ਚ ਤਲਬ ਅਤੇ ਖੰਭੀਂ ਬੜਾ ਜ਼ੋਰ ਵੇ।
ਕਰਾਂ ਕੀ ਮੈਂ ਪੈਰੀਂ ਬੱਝੀ ਰਸਮਾਂ ਦੀ ਡੋਰ ਵੇ।
ਤੈਂਡੇ ਦੇਸ ਕਿੰਜ ਉੱਡ ਕੇ ਮੈਂ ਆਵਾਂ-

ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ
ਤੈਨੂੰ ਜਿੰਦੜੀ ਦੀ ਅਰਘ ਚੜ੍ਹਾਵਾਂ।

•

## ਪਾਕਿਸਤਾਨੀ ਪੰਜਾਬੀਆਂ ਦੇ ਨਾਂ

ਮੇਰਾ ਦੇਸ਼ ਆਜ਼ਾਦ ਹੋ ਗਿਆ
ਤੇਰਾ ਮੁਲਕ ਈਜਾਦ ਹੋ ਗਿਆ
ਆਪਣਾ ਵਤਨ ਗਵਾਚ ਗਿਆ

ਤੈਨੂੰ ਸੋਹਣਾ ਨਾਹਰਾ ਮਿਲਿਆ
ਮੈਨੂੰ ਸੋਹਣਾ ਲਾਰਾ ਮਿਲਿਆ
ਪਰ ਰੂਹਾਂ ਵਿਚਲਾ ਨਾਚ ਗਿਆ
ਆਪਣਾ ਵਤਨ ਗਵਾਚ ਗਿਆ

ਤੂੰ ਤੇ ਮੈਂ ਨਾ ਆਪਾਂ ਹੋਏ
ਤੂੰ-ਤੂੰ ਮੈਂ-ਮੈਂ ਕਰਦੇ ਮੋਏ
ਸਾਂਝਾ ਦੁਸ਼ਮਣ ਜਾਚ ਗਿਆ
ਆਪਣਾ ਵਤਨ ਗਵਾਚ ਗਿਆ

ਆਪਾਂ ਬਣ ਗਏ ਬੰਦਿਓਂ ਬਿੱਲੀਆਂ
ਬਿੱਲੀਆਂ ਵੀ ਜੋ ਅਕਲੋਂ ਹਿੱਲੀਆਂ
ਤੇ ਬਾਂਦਰ ਸੀ ਵਾਚ ਗਿਆ
ਆਪਣਾ ਵਤਨ ਗਵਾਚ ਗਿਆ

ਬਦੀਆਂ ਸਨ ਜਾ ਇੰਨੀਆਂ ਵਧੀਆਂ
ਲਹੂ ਦੀਆਂ ਭਰੀਆਂ ਵਗੀਆਂ ਨਦੀਆਂ
ਭੁੱਲ ਮੁਹੱਬਤੀ ਜਾਚ ਗਿਆ
ਆਪਣਾ ਵਤਨ ਗਵਾਚ ਗਿਆ

ਇੱਜ਼ਤਾਂ ਲੁੱਟੀਆਂ ਬੱਚੇ ਵੱਢੇ
ਬੁੱਢੇ ਠੇਰੇ ਵੀ ਨਾ ਛੱਡੇ
ਹਰ ਥਾਂ ਤਾਂਡਵ ਨਾਚ ਗਿਆ
ਆਪਣਾ ਵਤਨ ਗਵਾਚ ਗਿਆ

ਤੇਰੇ ਮਜ਼ਹਬ ਦਾ ਝੰਡਾ ਝੁੱਲਿਆ
ਮੇਰਾ ਪੰਥ ਵੀ ਵਧਿਆ ਫੁੱਲਿਆ
ਧਰਮ ਤਾਂ ਪੱਤਰੇ ਵਾਚ ਗਿਆ
ਆਪਣਾ ਵਤਨ ਗਵਾਚ ਗਿਆ

•

## ਠੱਗੀ-ਠੋਰੀ

ਠੱਗੀ-ਠੋਰੀ ਕਤਲ ਤੇ ਚੋਰੀ ਹੋਰ ਬਹੁਤ ਕੁਝ ਕਰਦਾ ਹੈ
ਪਰ ਬੀਬਾ ਨਿਰਦੋਸ਼ਾ ਕਹੀਏ ਕਿਉਂਕਿ ਬੰਦਾ ਘਰ ਦਾ ਹੈ

ਤੱਕ ਆਪਣਾ ਪਰਛਾਵਾਂ ਉਸ ਨੂੰ ਸ਼ਾਮੀਂ ਲਾਲੀ ਚੜ੍ਹਦੀ ਹੈ
ਸਾਨੂੰ ਤੱਕੇ ਨਕ ਮੂੰਹ ਵੱਟੇ ਖ਼ੁਦ ਸ਼ੀਸ਼ੇ ਤੋਂ ਡਰਦਾ ਹੈ

ਜੋ ਬਿਸਤਰ ਵਿਚ ਊਂਘੇ ਪੁੱਛੇ ਹਾਲ ਹਮੇਸ਼ਾ ਮੌਸਮ ਦਾ
ਏਹੋ ਜਿਹਾ ਮੁਸਾਫ਼ਰ ਦੱਸੋ ਕਦ ਮੰਜ਼ਿਲ ਸਰ ਕਰਦਾ ਹੈ

ਏਸ ਨਗਰ ਤੋਂ ਤਾਂ ਸੂਰਜ ਵੀ ਨੀਵਾਂ ਹੋ ਕੇ ਲੰਘਦਾ ਹੈ
ਅਪਣੇ-ਅਪਣੇ ਪਾਲ਼ੇ ਅੰਦਰ ਹਰ ਕੋਈ ਏਥੇ ਠਰਦਾ ਹੈ

ਕਾਲ਼ੀ ਬੋਲ਼ੀ ਨ੍ਹੇਰੀ ਦੀਵੇ ਬੁਝਦੇ ਨਿੱਤ ਬਨੇਰਿਆਂ ਤੋਂ
ਸੱਚ ਦਾ ਚਾਨਣ ਮਾਰੇ ਕਿਹੜਾ ਜੋ ਮਾਰੇ ਸੋ ਮਰਦਾ ਹੈ

ਅੱਜ ਸ਼ਹਿਰ ਦੀ ਹਰ ਦੁਰਘਟਨਾ ਤੇਰੇ ਲਈ ਅਣਦੇਖੀ ਹੈ
ਨਜ਼ਰਾਂ ਦਾ ਤੇ ਦੋਸ਼ ਨਹੀਂ ਹੈ ਖ਼ੁਦਗਰਜ਼ੀ ਦਾ ਪਰਦਾ ਹੈ

•

## ਪ੍ਰੀਤ

ਪੌਣਾਂ ਸੰਗ ਰਲ਼ ਰੁਮਕੇ ਪ੍ਰੀਤ ਕਥੂਰੀ ਲਗਦੀ ਹੈ
ਹਸਦੀ ਵਸਦੀ ਕੁਦਰਤ ਦੀ ਮਨਜ਼ੂਰੀ ਲਗਦੀ ਹੈ

ਤੇਰੇ ਆਉਣ ਤੋਂ ਪਹਿਲਾਂ ਬੜੀ ਅਧੂਰੀ ਸੀ ਦੁਨੀਆ
ਤੇਰੀ ਆਮਦ ਨਾਲ ਇਹ ਪੂਰੀ ਪੂਰੀ ਲਗਦੀ ਹੈ

ਇਕ ਪਲ ਤਾਂ ਨਜ਼ਦੀਕੀ ਤੋਂ ਵੀ ਨੇੜੇ ਹੋ ਜਾਵੇਂ
ਅਗਲੇ ਹੀ ਪਲ ਦੂਰੀ ਦੀ ਮਜਬੂਰੀ ਲਗਦੀ ਹੈ

ਤੇਰੀ ਆਮਦ ਕਰਕੇ ਹੋਈਆਂ ਰੁੱਤਾਂ ਰਾਂਗਲੀਆਂ
ਸੰਦਲੀ ਸਰਘੀ ਕੋਸੀ ਸ਼ਾਮ ਸਰੂਰੀ ਲਗਦੀ ਹੈ

ਬਹੁਤ ਜ਼ਰੂਰੀ ਗੱਲਾਂ ਹੋਰ ਵੀ ਹੋਣਗੀਆਂ ਐਪਰ
ਮਿਲਣੇ ਤੋਂ ਵੱਧ ਕਿਹੜੀ ਚੀਜ਼ ਜ਼ਰੂਰੀ ਲਗਦੀ ਹੈ

•

## ਬੋਲੀਆਂ

ਪਹਿਲੋਂ ਪਹਿਲ ਦੀਆਂ ਜੋ ਕਣੀਆਂ
ਮਹਿਕ ਮਿੱਟੀ 'ਚੋਂ ਆਈ।
ਪੌਣਾਂ ਦੇ ਪੈਰੀਂ ਬੱਦਲਾਂ ਨੇ
ਪਾਣੀ ਦੀ ਝਾਂਜਰ ਪਾਈ।
ਸੱਤ ਰੰਗਾਂ ਦੀ ਪੀਂਘ ਝੂਟਦੀ
ਰੁੱਤ ਗਈ ਨਸ਼ਿਆਈ।
ਰੱਬ ਦੇ ਰੰਗਾਂ 'ਚੋਂ
ਇਸ਼ਕੇ ਦੀ ਰੁਸ਼ਨਾਈ।

•

ਗੋਰੀ ਨਦੀ ਦੇ ਕਾਲੇ ਕੇਸੀਂ
ਮੌਸਮ ਉਂਗਲਾਂ ਫੇਰੇ
ਨਾ ਜਾਗੀ ਨਾ ਉਸ ਜਗਾਇਆ
ਨੀਂਦਾਂ ਪਾਏ ਘੇਰੇ
ਅੱਕੀ ਥੱਕੀ ਰਾਤ ਸੌਂ ਗਈ
ਹੋਏ ਨਹੀਂ ਸਵੇਰੇ
ਮੁੜ ਪਰਦੇਸ ਗਿਆ
ਜੋਗੀ ਮੂੰਹ ਹਨੇਰੇ।

•

ਦੋ ਕੰਢਿਆਂ ਦੇ ਨਾਲੋ ਨਾਲ ਜੀ
ਪਾਣੀ ਰਹਿੰਦਾ ਵਗਦਾ।
ਜਨਮ ਮੌਤ ਦੇ ਵਿਚ ਵਿਚਾਲੇ
ਜੀਵਨ ਚਲਦਾ ਲਗਦਾ।
ਜਿਹੜਾ ਇਕ ਥਾਂ ਦਗਦਾ ਲਗਦਾ
ਪਿੰਡੇ ਪਿੰਡੇ ਮਘਦਾ।
ਨੀਲੇ ਅੰਬਰ 'ਤੇ
ਰੱਬ ਦਾ ਦੀਵਾ ਜਗਦਾ।

•

## ਇੱਕ ਉਦਾਸ ਕੁੜੀ ਦੇ ਨਾਂ

ਭੁੱਲ ਜੋ ਭੁੱਲਣਯੋਗ ਕੁੜੇ
ਜੀਵਨ ਸੰਯੋਗ ਵਿਜੋਗ ਕੁੜੇ

ਭੁੱਲ ਜਾ ਕਾਲੀਆਂ ਰਾਤਾਂ ਨੂੰ
ਜੀ ਆਇਆਂ ਕਹਿ ਪ੍ਰਭਾਤਾਂ ਨੂੰ

ਭੁੱਲ ਕੇ ਫਿੱਟੇ ਰੰਗਾਂ ਨੂੰ
ਨਵੀਆਂ ਛੇੜ ਤਰੰਗਾਂ ਨੂੰ

ਭੁੱਲ ਕੇ ਦਰਦ ਪੁਰਾਣੇ ਨੂੰ
ਸੁੱਟ ਪਾਸੇ ਉਲਝੇ ਤਾਣੇ ਨੂੰ

ਭੁੱਲ ਕੇ ਛੱਡੀਆਂ ਛਾਵਾਂ ਨੂੰ
ਕਰ ਤਾਜ਼ੇ ਦਿਲ ਦੇ ਚਾਵਾਂ ਨੂੰ

ਬੰਦ ਹੁੰਦਾ ਜੇ ਇੱਕ ਬਾਰ ਕੁੜੇ
ਖੁੱਲ੍ਹ ਜਾਂਦੇ ਕਈ ਹਜ਼ਾਰ ਕੁੜੇ

ਤੂੰ ਭੁੱਲ ਕੇ ਧੋਖੇ ਖਾਧੇ ਨੂੰ
ਰੱਖ ਚੇਤੇ ਪਿਆਰ ਦੇ ਵਾਧੇ ਨੂੰ

ਰੱਖ ਖ਼ਾਬ ਪਿਆਰੀ ਲੱਭਤ ਲਈ
ਹਰ ਦਿਨ ਹੈ ਸ਼ੁਭ ਮੁਹੱਬਤ ਲਈ

•

ਕੁਦਰਤ ਰੰਗ ਰੰਗੀਲੜੀ ਧਰਤ ਧਰੇ ਧਰਵਾਸ
ਮਸਤਕ ਸਹਿਜ ਸਮੁੰਦਰੀ ਤਲ 'ਤੇ ਤਰਦੀ ਆਸ
ਸੁਪਨ ਪੰਖੇਰੂ ਉੱਡਦੇ ਅੱਖੀਆਂ ਵਿਚ ਅਕਾਸ
ਸੀਨੇ ਸਧਰਾਂ ਸਾਵੀਆਂ ਹੋਠੀਂ ਅਣਮੁੱਕ ਪਿਆਸ
ਇਸ਼ਕ ਸਲਾਮਤ ਸਦਾ ਜਵਾਨੀ ਕਵਿਤਾ ਸੰਗ ਸੁਆਸ

•

ਸਭ ਕੁਝ ਕਦੀ ਖਤਮ ਨਾ ਹੁੰਦਾ
ਕੁਛ ਨਾ ਕੁਛ ਤੇ ਰਹਿ ਜਾਂਦਾ ਹੈ
ਬੋਲਿਆਂ ਸਭ ਕੁਝ ਬੋਲ ਨਾ ਹੋਵੇ
ਚੁੱਪ ਕੀਤਾ ਕੁਝ ਕਹਿ ਜਾਂਦਾ ਹੈ

●●●

## ਵੇ ਰਾਂਝਣਾ

ਜਿਹੜੇ ਰੰਗ ਵਿਚ ਤੂੰ ਰੰਗਿਆ ਏਂ
ਅਸੀਂ ਵੀ ਓਸੇ ਰੰਗ ਦੇ ਹਾਂ

ਜਿਹੜੇ ਡੰਗ ਦਾ ਤੂੰ ਡੰਗਿਆ ਏਂ
ਡੰਗੇ ਓਸੇ ਡੰਗ ਦੇ ਹਾਂ

ਰੱਬ ਕੋਲੋਂ ਤੂੰ ਸਾਨੂੰ ਮੰਗਦਾ
ਅਸੀਂ ਵੀ ਤੈਨੂੰ ਮੰਗਦੇ ਹਾਂ

ਤੇਰੇ ਵਡੇਰੇ ਜੇ ਤਖ਼ਤ ਹਜ਼ਾਰੇ
ਅਸੀਂ ਵੀ ਪਿੱਛਿਓਂ ਝੰਗ ਦੇ ਹਾਂ

•







A Group of
Chetna Parkashan
Ludhiana | Kotkapura | Canada | USA
ISBN 93-6831-060-2
9 789368 310600

*Ik Katora Chanani*
₹ 199/-

Cover : Sunita Snu